17-FEB-PAGE-1.qxd 2/16/2023 9:58 PM Page 1

ਸ਼ੁੱਕਰਵਾਰ, 17 ਫਰਵਰੀ, 2023
5 ਫੱਗਣ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 258

# ਨਵਾਂ ਜ਼ਮਾਨਾ

DAILY NAWAN ZAMANA • FRIDAY, 17 FEBRUARY, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਤ੍ਰਿਪੁਰਾ ਅਸੰਬਲੀ ਲਈ ਉਤਸ਼ਾਹ ਨਾਲ ਪੋਲਿੰਗ

## ਵੋਟਿੰਗ ਦੌਰਾਨ ਖੱਬੀਆਂ ਪਾਰਟੀਆਂ ਦੇ ਕਾਰਕੁੰਨਾਂ 'ਤੇ ਹਮਲੇ

**ਅਗਰਤਲਾ** : 2023 ਦੀ ਪਹਿਲੀ ਅਸੰਬਲੀ ਚੋਣ 'ਚ ਵੀਰਵਾਰ ਤ੍ਰਿਪੁਰਾ ਦੇ ਵੋਟਰਾਂ ਨੇ ਉਤਸ਼ਾਹ ਨਾਲ ਵੋਟਾਂ ਪਾਈਆਂ। ਸਵੇਰੇ 7 ਵਜੇ ਤੋਂ ਸ਼ੁਰੂ ਹੋਈ ਪੋਲਿੰਗ ਦਾ ਸਮਾਂ ਸ਼ਾਮ ਚਾਰ ਵਜੇ ਖਤਮ ਹੋ ਗਿਆ ਸੀ, ਪਰ ਬੂਥਾਂ ਅੰਦਰ ਆ ਚੁੱਕੇ ਵੋਟਰ ਵੋਟਾਂ ਪਾ ਰਹੇ ਸਨ। 81 ਫੀਸਦੀ ਪੋਲਿੰਗ 5 ਵਜੇ ਤੱਕ ਹੋ ਚੁੱਕੀ ਸੀ। ਮਹਿਲਾ ਵੋਟਰਾਂ 'ਚ ਵੋਟ ਪਾਉਣ ਲਈ ਜ਼ਿਆਦਾ ਹੀ ਉਤਸ਼ਾਹ ਦੇਖਣ ਨੂੰ ਮਿਲਿਆ। ਪਿਛਲੀ ਵਾਰ 90 ਫੀਸਦੀ ਪੋਲਿੰਗ ਹੋਈ ਸੀ ਤੇ ਭਾਜਪਾ ਨੇ ਪਹਿਲੀ ਵਾਰ ਸੂਬੇ ਵਿਚ ਸਰਕਾਰ ਬਣਾਈ ਸੀ। ਇਸ ਵਾਰ 28 ਲੱਖ 13 ਹਜ਼ਾਰ ਵੋਟਰਾਂ ਨੇ 259 ਉਮੀਦਵਾਰਾਂ ਵਿੱਚੋਂ 60 ਵਿਧਾਇਕ ਚੁਣਨੇ ਸਨ। ਨਤੀਜੇ 2 ਮਾਰਚ ਨੂੰ ਨਿਕਲਣਗੇ। ਇਸ ਵਾਰ ਭਾਜਪਾ ਤੇ ਉਸ ਦੀ ਇਤਿਹਾਦੀ ਇੰਡੀਜੇਨਸ ਪੀਪਲਜ਼ ਫਰੰਟ ਆਫ ਤ੍ਰਿਪੁਰਾ, ਖੱਬੇ-ਕਾਂਗਰਸ ਗੱਠਜੋੜ ਤੇ ਨਵੀਂ ਖੇਤਰੀ ਪਾਰਟੀ ਟਿਪਰਾ ਮੋਥਾ ਵਿਚਾਲੇ ਤਿਕੋਣਾ ਮੁਕਾਬਲਾ ਹੈ। ਭਾਜਪਾ ਨੇ 55 ਸੀਟਾਂ ਅਤੇ ਪੀਪਲਜ਼ ਫਰੰਟ ਨੇ ਛੇ ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ। ਅੰਪੀਨਗਰ ਵਿਚ ਦੋਹਾਂ ਵਿਚਾਲੇ ਦੋਸਤਾਨਾ ਮੁਕਾਬਲਾ ਹੈ। ਖੱਬੀਆਂ ਪਾਰਟੀਆਂ ਨੇ 47 ਤੇ ਕਾਂਗਰਸ ਨੇ 13 ਸੀਟਾਂ ਲੜੀਆਂ ਹਨ। ਟਿਪਰਾ ਮੋਥਾ ਨੇ 42 ਉਮੀਦਵਾਰ ਉਤਾਰੇ।

ਦੱਖਣੀ ਤ੍ਰਿਪੁਰਾ ਦੇ 36-ਸ਼ਾਂਤੀ ਬਾਜ਼ਾਰ ਵਿਚ ਕਲਾਚੇਰਾ ਬੂਥ 'ਤੇ ਇਕ ਸੀ ਪੀ ਆਈ ਹਮਾਇਤੀ ਨੂੰ ਕੁੱਟ ਦਿੱਤਾ ਗਿਆ, ਜਿਸ ਨੂੰ ਹਸਪਤਾਲ ਲਿਜਾਣਾ ਪਿਆ।



ਡਾਂਬੂਰ ਝੀਲ ਦੇ ਵੱਖ-ਵੱਖ ਟਾਪੂਆਂ ਤੋਂ ਆਏ ਵੋਟਰ ਵੋਟ ਪਾ ਕੇ ਪਰਤਦੇ ਹੋਏ। (ਇਨਸੈੱਟ) ਜਮਹੂਰੀਅਤ ਦੇ ਮੇਲੇ ਵਿੱਚ ਸ਼ਾਮਲ ਹੋਣ ਵਾਲੀ ਮਾਤਾ।

ਬੌਕਸਾਨਗਰ ਵਿਚ ਅਣਪਛਾਤਿਆਂ ਨੇ ਹਮਲਾ ਕਰਕੇ ਮਾਰਕਸੀ ਪਾਰਟੀ ਦੇ ਸਥਾਨਕ ਸਕੱਤਰ ਨੂੰ ਜ਼ਖਮੀ ਕਰ ਦਿੱਤਾ। ਗੋਮਤੀ ਜ਼ਿਲ੍ਹੇ ਵਿਚ ਕਕਰਾਬਨ ਹਲਕੇ ਵਿਚ ਮਾਰਕਸੀ ਪਾਰਟੀ ਦੇ ਦੋ ਪੋਲਿੰਗ ਏਜੰਟਾਂ ਨੂੰ ਕੁੱਟ ਦਿੱਤਾ ਗਿਆ। ਮਾਰਕਸੀ ਪਾਰਟੀ ਨੇ ਦੋਸ਼ ਲਾਇਆ ਹੈ ਕਿ ਭਾਜਪਾ ਵਾਲਿਆਂ ਨੇ ਕਈ ਥਾਈਂ ਲੋਕਾਂ ਨੂੰ ਵੋਟਾਂ ਪਾਉਣ ਤੋਂ ਰੋਕਿਆ। ਪੋਲਿੰਗ ਦੌਰਾਨ ਕਬਾਇਲੀ ਪਾਰਟੀ ਟਿਪਰਾ ਮੋਥਾ ਦੇ ਮੁਖੀ ਪ੍ਰਦਯੋਤ ਮਾਨਿਕਯ ਦੇਬਬਰਮਾ ਨੇ ਇਹ ਕਹਿ ਕੇ ਸਨਸਨੀ ਫੈਲਾ ਦਿੱਤੀ ਕਿ ਉਨ੍ਹਾ ਦੀ ਪਾਰਟੀ ਨੂੰ ਬਹੁਮਤ ਨਾ ਮਿਲਿਆ ਤਾਂ ਉਹ ਭਾਜਪਾ ਦੇ ਵਿਧਾਇਕਾਂ ਨੂੰ ਖਰੀਦਣ ਦੀ ਸੋਚਣਗੇ। ਚੋਣਾਂ ਤੋਂ ਬਾਅਦ ਗੱਠਜੋੜ ਤੇ ਖਰੀਦੋ-ਫਰੋਖਤ ਦੇ ਸਵਾਲ 'ਤੇ ਦੇਬਬਰਮਾ ਨੇ ਕਿਹਾ—ਮੈਂ ਆਪਣੇ ਮਹਿਲ ਦੇ ਕੁਝ ਹਿੱਸੇ ਵੇਚ ਕੇ ਭਾਜਪਾ ਦੇ 25-30 ਵਿਧਾਇਕਾਂ ਨੂੰ ਖਰੀਦਣ ਬਾਰੇ ਸੋਚ ਰਿਹਾ ਸੀ। ਮੇਰੇ ਕੋਲ ਪੈਸਾ ਹੀ ਪੈਸਾ ਹੈ।

ਦੇਬਬਰਮਾ ਨੇ ਅੱਗੇ ਕਿਹਾ—ਅਜਿਹਾ ਕਿਉਂ ਮੰਨਿਆ ਜਾਂਦਾ ਹੈ ਕਿ ਸਿਰਫ ਅਸੀਂ ਵਿਕਾਊ ਹਾਂ? ਸਿਰਫ ਸਾਡੇ 'ਤੇ ਹੀ ਸਵਾਲ ਕਿਉਂ ਚੁੱਕੇ ਜਾਂਦੇ ਹਨ? ਭਾਜਪਾ ਵਾਲਿਆਂ ਨੂੰ ਵੀ ਖਰੀਦਿਆ ਜਾ ਸਕਦਾ ਹੈ।

# ਗਰਮੀ ਦੀ ਦਸਤਕ, ਠੰਢ ਆਖਰੀ ਪੜਾਅ 'ਤੇ

**ਕਮਲਜੀਤ ਥਾਬਲਕੇ**



ਕੁਦਰਤ ਦਾ ਨਿਯਮ ਹੈ ਹਰ ਚੀਜ਼ ਆਪਣੀ ਜਗ੍ਹਾ ਬਦਲਦੀ ਹੈ। ਕੋਈ ਵੀ ਚੀਜ਼ ਇਸ ਧਰਤੀ 'ਤੇ ਸਦਾ ਨਹੀਂ, ਜੇ ਰਾਤ ਹੈ ਤਾਂ ਉਸ ਤੋਂ ਬਾਅਦ ਸਵੇਰਾ ਹੈ। ਜੇ ਜ਼ਿੰਦਗੀ ਹੈ ਤਾਂ ਮੌਤ ਹੈ। ਜੋ ਸ਼ੁਰੂ ਹੁੰਦਾ ਹੈ, ਉਸ ਦਾ ਅੰਤ ਵੀ ਹੈ, ਜੋ ਜੰਮਦਾ ਹੈ, ਉਸ ਨੇ ਮਰਨਾ ਵੀ ਹੈ। ਇਸੇ ਤਰ੍ਹਾਂ ਜੇ ਠੰਢ ਹੈ ਤਾਂ ਇੱਕ ਸਮੇਂ ਬਾਅਦ ਗਰਮੀ ਨੇ ਵੀ ਆਉਣਾ ਹੈ। ਅਸੀਂ ਠੰਢ ਦਾ ਬਹੁਤ ਅਨੰਦ ਲੈ ਲਿਆ, ਹੁਣ ਮੌਸਮ 'ਚ ਬਦਲਾਅ ਮਹਿਸੂਸ ਹੋਣਾ ਸ਼ੁਰੂ ਹੋ ਗਿਆ ਹੈ। ਦਰੱਖ਼ਤ ਆਪਣਾ ਰੰਗ ਬਦਲਣ ਲੱਗ ਪਏ ਹਨ, ਪੁਰਾਣੇ ਪੱਤੇ ਦਰੱਖ਼ਤਾਂ ਨੂੰ ਅਲਵਿਦਾ ਕਹਿ ਰਹੇ ਹਨ, ਨਵੀਂਆਂ ਕਰੂੰਬਲਾ ਫੁਟ ਕੇ ਪੁਰਾਣਿਆ ਦੀ ਜਗ੍ਹਾ ਲੈਣ ਲਈ ਤਿਆਰ ਹੋ ਰਹੀਆਂ ਹਨ। ਠੰਢ ਹੁਣ ਆਪਣੇ ਆਖਰੀ ਪੜਾਅ 'ਤੇ ਖੜੀ ਅਲਵਿਦਾ ਕਹਿ ਰਹੀ ਹੈ, ਮੌਸਮ 'ਚ ਤੇਜ਼ੀ ਨਾਲ ਬਦਲਾਅ ਹੋਣਾ ਸ਼ੁਰੂ ਹੋ ਗਿਆ ਹੈ। ਸੂਰਜ ਦੀ ਤੇਜ਼ ਰੌਸ਼ਨੀ ਹੁਣ ਤਪਾਉਣਾ ਸ਼ੁਰੂ ਕਰਨ ਲੱਗ ਪਈ ਹੈ। ਸਵੇਰੇ-ਸ਼ਾਮ ਥੋੜ੍ਹੀ ਬਹੁਤ ਮੌਸਮ 'ਚ ਠੰਢਕ ਤਾਂ ਹੈ, ਪਰ ਜਦ ਸੂਰਜ ਦੀ ਰੌਸ਼ਨੀ ਹੋਣ ਲੱਗਦੀ ਹੈ ਤਾਂ ਸਵੇਰ ਦੀ ਠੰਢ ਉਸ ਅੱਗੇ ਟਿਕ ਨਹੀਂ ਪਾਉਂਦੀ। ਇਸ ਨਾਲ ਹੀ ਮੌਸਮ 'ਚ ਗਰਮੀ ਦਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਹੈ। ਮੋਟੇ ਕੱਪੜਿਆਂ ਦੀ ਜਗ੍ਹਾ ਹੁਣ ਹਲਕੇ ਕੱਪੜਿਆਂ ਨੇ ਲੈਣੀ ਸ਼ੁਰੂ ਕਰ ਦਿੱਤੀ ਹੈ। ਗਰਮ ਕੱਪੜੇ ਪੇਟੀਆਂ, ਸੰਦੂਕਾਂ 'ਚ ਜਾਣ ਨੂੰ ਤਿਆਰ ਹੋ ਗਏ ਹਨ। ਇਨ੍ਹਾਂ ਸਾਰੀਆਂ ਤਿਆਰੀਆਂ ਤੋਂ ਮਹਿਸੂਸ ਹੋਣ ਲੱਗਾ ਹੈ ਕਿ ਹੁਣ ਗਰਮੀ ਆਉਣ ਹੀ ਵਾਲੀ ਹੈ।

ਮੌਸਮ ਵਿਭਾਗ ਵੀ ਕਹਿ ਰਿਹਾ ਕਿ ਇਸ ਵਾਰ ਗਰਮੀ ਸਾਰੇ ਵੱਟ ਕੱਢ ਦੇਵੇਗੀ। ਸੂਰਜ ਵੀ ਹੁਣ ਤੋਂ ਹੀ ਕੁਝ ਇਸ ਤਰ੍ਹਾਂ ਦਾ ਦੱਸ ਰਿਹਾ ਹੈ। ਠੰਢ ਦੇ ਜਾਣ ਬਾਅਦ ਸ਼ਹਿਰਾਂ 'ਚ ਗੰਨੇ ਦਾ ਰਸ ਕੱਢਣ ਵਾਲੇ ਦਨਦਨਾਉਣ ਲੱਗੇ ਹਨ। ਹਰ ਚੌਰਾਹੇ 'ਤੇ ਹੁਣ ਇਨ੍ਹਾਂ ਦੇ ਠੇਲ੍ਹੇ ਦਿਖਾਈ ਦੇਣ ਲੱਗੇ ਹਨ। ਇਸ ਦੇ ਨਾਲ ਹੀ ਕੁਲਫੀਆਂ ਵਾਲੇ ਠੰਢੀਆਂ ਕੁਲਫ਼ੀਆਂ ਲੈ ਕੇ ਆ ਗਏ ਹਨ। ਗਰਮੀਆਂ 'ਚ ਗਰਮੀ ਤੋਂ ਰਾਹਤ ਪਾਉਣ ਲਈ ਲੋਕ ਗੰਨੇ ਦਾ ਰਸ ਪੀ ਕੇ ਠੰਢਕ ਮਹਿਸੂਸ ਕਰਦੇ ਹਨ।

ਬਹੁਤ ਸਾਰੇ ਲੋਕਾਂ ਨੇ ਠੰਢ ਕਾਰਨ ਸਵੇਰੇ ਦੀ ਸੈਰ ਬੰਦ ਕਰ ਦਿੱਤੀ ਸੀ, ਹੁਣ ● ਬਾਕੀ ਸਫ਼ਾ 2 'ਤੇ

## ਕੇਂਦਰ ਸਰਕਾਰ ਤਿੰਨ ਅਹਿਮ ਕਾਨੂੰਨ ਸੋਧਣ ਚੱਲੀ

**ਨਵੀਂ ਦਿੱਲੀ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀਰਵਾਰ ਕਿਹਾ ਕਿ ਸਰਕਾਰ ਆਈ ਪੀ ਸੀ, ਸੀ ਆਰ ਪੀ ਸੀ ਅਤੇ ਐਵੀਡੈਂਸ ਐਕਟ 'ਚ ਬਦਲਾਅ ਲਿਆ ਰਹੀ ਹੈ। ਕਿੰਗਸਵੇਅ ਕੈਂਪ 'ਚ ਦਿੱਲੀ ਪੁਲਸ ਦੇ 76ਵੇਂ ਸਥਾਪਨਾ ਦਿਵਸ ਸਮਾਰੋਹ 'ਚ ਸ਼ਾਹ ਨੇ ਕਿਹਾ—ਸਰਕਾਰ ਆਉਣ ਵਾਲੇ ਦਿਨਾਂ 'ਚ ਤਿੰਨੋਂ ਕਾਨੂੰਨਾਂ 'ਚ ਬਦਲਾਅ ਲਿਆ ਰਹੀ ਹੈ।

## ਜ਼ਿਲ੍ਹਾ ਸਿੱਖਿਆ ਅਫਸਰ ਸਸਪੈਂਡ

**ਚੰਡੀਗੜ੍ਹ** : ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਤਰਨ ਤਾਰਨ ਦੀ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਦਲਜਿੰਦਰ ਕੌਰ ਨੂੰ ਸਸਪੈਂਡ ਕਰ ਦਿੱਤਾ ਹੈ। ਉਸ ਖਿਲਾਫ ਵਰਦੀਆਂ ਦੀ ਖਰੀਦ ਲਈ ਆਈ ਗ੍ਰਾਂਟ ਵਿਚ ਹੇਰਾਫੇਰੀ ਕਰਨ ਦਾ ਦੋਸ਼ ਹੈ।

## ਦਿੱਲੀ ਸਭ ਤੋਂ ਪ੍ਰਦੂਸ਼ਤ ਸ਼ਹਿਰਾਂ ਦੀ ਲਿਸਟ 'ਚੋਂ ਬਾਹਰ

**ਨਵੀਂ ਦਿੱਲੀ** : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੀਡੀਆ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਰਾਸ਼ਟਰੀ ਰਾਜਧਾਨੀ ਦੁਨੀਆ ਦੇ ਸਭ ਤੋਂ ਪ੍ਰਦੂਸ਼ਤ ਸ਼ਹਿਰਾਂ ਦੀ ਸੂਚੀ 'ਚ ਨਹੀਂ ਰਹੀ। ਮੀਡੀਆ 'ਚ ਪ੍ਰਕਾਸ਼ਤ ਰਿਪੋਰਟ ਦੀਆਂ ਤਸਵੀਰਾਂ ਟਵਿੱਟਰ 'ਤੇ ਸ਼ੇਅਰ ਕਰਦੇ ਹੋਏ ਉਨ੍ਹਾ ਲਿਖਿਆ-ਲੰਬੇ ਸਮੇਂ ਬਾਅਦ ਦਿੱਲੀ ਦੁਨੀਆ ਦੇ ਸਭ ਤੋਂ ਪ੍ਰਦੂਸ਼ਤ ਸ਼ਹਿਰਾਂ ਦੀ ਸੂਚੀ 'ਚ ਸ਼ਾਮਲ ਨਹੀਂ। ਰਿਪੋਰਟ ਅਨੁਸਾਰ ਲਾਹੌਰ, ਮੁੰਬਈ ਅਤੇ ਕਾਬੁਲ ਦੁਨੀਆ ਦੇ ਸਭ ਤੋਂ ਵੱਧ ਪ੍ਰਦੂਸ਼ਤ ਸ਼ਹਿਰਾਂ 'ਚ ਸ਼ਾਮਲ ਹਨ।

## 12 ਚੀਤੇ ਭਲਕੇ ਭਾਰਤ ਪੁੱਜਣਗੇ

**ਨਵੀਂ ਦਿੱਲੀ** : ਕੇਂਦਰੀ ਵਾਤਾਵਰਣ ਮੰਤਰੀ ਭੂਪਿੰਦਰ ਯਾਦਵ ਨੇ ਵੀਰਵਾਰ ਕਿਹਾ ਕਿ ਦੱਖਣੀ ਅਫਰੀਕਾ ਤੋਂ 12 ਚੀਤੇ 18 ਫਰਵਰੀ ਨੂੰ ਲਿਆਂਦੇ ਜਾਣਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਸਾਲ 17 ਸਤੰਬਰ ਨੂੰ ਆਪਣੇ 72ਵੇਂ ਜਨਮ ਦਿਨ ਦੇ ਮੌਕੇ 'ਤੇ ਮੱਧ ਪ੍ਰਦੇਸ਼ ਦੇ ਕੁਨੋ ਨੈਸ਼ਨਲ ਪਾਰਕ 'ਚ ਨਾਮੀਬੀਆ ਤੋਂ ਲਿਆਂਦੇ ਅੱਠ ਚੀਤਿਆਂ ਨੂੰ ਛੱਡਿਆ ਸੀ, ਜਿਨ੍ਹਾਂ 'ਚ ਪੰਜ ਮਾਦਾ ਅਤੇ ਤਿੰਨ ਨਰ ਸਨ।

## ਘੁਸਪੈਠੀਆ ਹਲਾਕ

**ਸ੍ਰੀਨਗਰ** : ਫੌਜ ਅਤੇ ਪੁਲਸ ਦੀ ਸਾਂਝੀ ਟੀਮ ਨੇ ਬੁੱਧਵਾਰ ਰਾਤ ਕੁਪਵਾੜਾ ਜ਼ਿਲ੍ਹੇ 'ਚ ਕੰਟਰੋਲ ਰੇਖਾ ਕੋਲ ਸੈਦਪੁਰਾ ਸਰਹੱਦੀ ਖੇਤਰ 'ਚ ਘੁਸਪੈਠ ਕਰ ਰਹੇ ਗਰੁੱਪ ਨੂੰ ਰੋਕ ਕੇ ਇਕ ਘੁਸਪੈਠੀਏ ਨੂੰ ਮਾਰ ਦਿੱਤਾ।

## ਬੀ ਬੀ ਸੀ ਦੇ ਦਫਤਰਾਂ 'ਚ ਛਾਪਾ ਤੀਜੇ ਦਿਨ ਵੀ ਜਾਰੀ ਰਿਹਾ

**ਨਵੀਂ ਦਿੱਲੀ** : ਬੀ ਬੀ ਸੀ ਦੇ ਦਫਤਰਾਂ 'ਚ ਆਮਦਨ ਕਰ ਵਿਭਾਗ ਦਾ ਛਾਪਾ ਵੀਰਵਾਰ ਤੀਜੇ ਦਿਨ ਵੀ ਜਾਰੀ ਰਿਹਾ। ਇਸ ਦੌਰਾਨ ਅਧਿਕਾਰੀਆਂ ਨੇ ਚੋਣਵੇਂ ਕਰਮਚਾਰੀਆਂ ਤੋਂ ਵਿੱਤੀ ਡਾਟਾ ਇਕੱਤਰ ਕੀਤਾ ਅਤੇ ਸਮਾਚਾਰ ਸੰਗਠਨ ਦੇ ਇਲੈਕਟ੍ਰਾਨਿਕ ਅਤੇ ਕਾਗਜ਼ੀ ਰਿਕਾਰਡਾਂ ਦੀਆਂ ਕਾਪੀਆਂ ਬਣਾਈਆਂ। ਆਮਦਨ ਕਰ ਵਿਭਾਗ ਨੇ ਕਥਿਤ ਟੈਕਸ ਚੋਰੀ ਦੀ ਜਾਂਚ ਵਜੋਂ ਦਿੱਲੀ ਅਤੇ ਮੁੰਬਈ 'ਚ ਬੀ ਬੀ ਸੀ ਦੇ ਦਫਤਰਾਂ 'ਚ ਮੰਗਲਵਾਰ ਸਵੇਰੇ 11.30 ਵਜੇ ਤੋਂ ਕਾਰਵਾਈ ਸ਼ੁਰੂ ਕੀਤੀ ਸੀ।

## ਆਈ ਸੀ ਸੀ ਨੇ ਮੁਆਫੀ ਮੰਗੀ

**ਦੁਬਈ** : ਕੌਮਾਂਤਰੀ ਕ੍ਰਿਕਟ ਕੌਂਸਲ (ਆਈ ਸੀ ਸੀ) ਨੇ ਉਸ ਤਕਨੀਕੀ ਖਰਾਬੀ ਲਈ ਮੁਆਫੀ ਮੰਗੀ ਹੈ, ਜਿਸ ਕਾਰਨ ਭਾਰਤ ਨੂੰ ਬੁੱਧਵਾਰ ਪੁਰਸ਼ਾਂ ਦੀ ਟੈਸਟ ਟੀਮ ਰੈਂਕਿੰਗ 'ਚ ਆਸਟਰੇਲੀਆ ਤੋਂ ਅੱਗੇ ਪਹਿਲੇ ਸਥਾਨ 'ਤੇ ਦਿਖਾਇਆ ਗਿਆ ਸੀ। ਕੁਝ ਘੰਟਿਆਂ ਬਾਅਦ ਆਈ ਸੀ ਸੀ ਨੇ ਇੱਕ ਹੋਰ ਅਪਡੇਟ ਕੀਤੀ ਸੂਚੀ ਜਾਰੀ ਕੀਤੀ, ਜਿਸ 'ਚ ਰੋਹਿਤ ਸ਼ਰਮਾ ਦੀ ਅਗਵਾਈ ਵਾਲੀ ਭਾਰਤੀ ਟੀਮ ਫਿਰ ਤੋਂ ਦੂਜੇ ਸਥਾਨ 'ਤੇ ਖਿਸਕ ਗਈ।

## ਮਾਲ ਗੱਡੀਆਂ ਵਿਚਾਲੇ ਸਿੱਧੀ ਟੱਕਰ



**ਲਖਨਊ** : ਸੁਲਤਾਨਪੁਰ ਵਿਚ ਵੀਰਵਾਰ ਸਵੇਰੇ ਦੋ ਮਾਲ ਗੱਡੀਆਂ ਦੀ ਸਿੱਧੀ ਟੱਕਰ ਹੋ ਗਈ। ਕੋਲੇ ਨਾਲ ਭਰੀ ਮਾਲ ਗੱਡੀ ਵਾਰਾਨਸੀ ਵੱਲੋਂ ਆ ਰਹੀ ਸੀ ਤੇ ਖਾਲੀ ਮਾਲ ਗੱਡੀ ਇੱਥੋਂ ਵਾਰਾਨਸੀ ਲਈ ਨਿਕਲੀ ਸੀ। ਟੱਕਰ ਸਟੇਸ਼ਨ ਦੇ ਦੱਖਣ ਵਿਚ ਕੈਬਿਨ ਨੇੜੇ ਵਾਪਰੀ।

9 ਬੋਗੀਆਂ ਪਲਟ ਗਈਆਂ ਅਤੇ ਕਈ ਹੋਰ ਪਟੜੀ ਤੋਂ ਉਤਰ ਗਈਆਂ। ਦੋਹਾਂ ਗੱਡੀਆਂ ਦੇ ਡਰਾਈਵਰ ਜ਼ਖਮੀ ਹੋ ਗਏ।

## ਪੰਜਵੀਂ ਤੇ ਅੱਠਵੀਂ ਦੀ ਡੇਟਸ਼ੀਟ 'ਚ ਤਬਦੀਲੀ

**ਮੁਹਾਲੀ** : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਦੀ ਹੋਣ ਵਾਲੀ ਸਲਾਨਾ ਪ੍ਰੀਖਿਆ ਫਰਵਰੀ/ ਮਾਰਚ 2023 ਦੀ ਡੇਟ ਸ਼ੀਟ ਵਿੱਚ ਪ੍ਰਸ਼ਾਸਨਿਕ ਕਾਰਨਾਂ ਕਰਕੇ ਤਬਦੀਲੀ ਕੀਤੀ ਗਈ ਹੈ। ਹੁਣ ਪੰਜਵੀਂ ਸ਼੍ਰੇਣੀ ਦੀ ਪ੍ਰੀਖਿਆ ਸੰਬੰਧਤ ਸਕੂਲਾਂ ਵਿੱਚ ਸੈੱਲਫ ਪ੍ਰੀਖਿਆ ਕੇਂਦਰ ਬਣਾ ਕੇ ਮਿਤੀ 25 ਫਰਵਰੀ ਤੋਂ 04 ਮਾਰਚ ਤੱਕ ਕਰਵਾਈ ਜਾ ਰਹੀ ਹੈ ਅਤੇ ਅੱਠਵੀਂ ਸ਼੍ਰੇਣੀ ਦੀ ਸਲਾਨਾ ਪ੍ਰੀਖਿਆ ਦਫਤਰ ਵੱਲੋਂ ਬਣਾਏ ਗਏ ਪ੍ਰੀਖਿਆ ਕੇਂਦਰਾਂ ਵਿੱਚ 25 ਫਰਵਰੀ ਤੋਂ 22 ਮਾਰਚ ਤੱਕ ਕਰਵਾਈ ਜਾ ਰਹੀ ਹੈ। ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਦੀ ਪ੍ਰੀਖਿਆ ਸਵੇਰੇ 10 ਵਜੇ ਤੋਂ ਸ਼ੁਰੂ ਹੋਵੇਗੀ। ਇਨ੍ਹਾਂ ਸ਼੍ਰੇਣੀਆਂ ਦੀ ਡੇਟ ਸ਼ੀਟ ਅਤੇ ਹੋਰ ਵਧੇਰੀ ਜਾਣਕਾਰੀ ਬੋਰਡ ਦੀ ਵੈੱਬਸਾਈਟ www.pseb.ac.in 'ਤੇ ਵੀ ਉਪਲੱਬਧ ਹੈ।

## ਅੰਮ੍ਰਿਤਸਰ 'ਚ ਬੈਂਕ 'ਚੋਂ 22 ਲੱਖ ਲੁੱਟੇ



**ਅੰਮ੍ਰਿਤਸਰ** : ਇਥੇ ਰਾਣੀ ਕਾ ਬਾਗ ਇਲਾਕੇ 'ਚ ਦੋ ਲੁਟੇਰੇ ਵੀਰਵਾਰ ਦੁਪਹਿਰੇ ਪੰਜਾਬ ਨੈਸ਼ਨਲ ਬੈਂਕ ਦੀ ਬਰਾਂਚ ਵਿੱਚੋਂ ਕਰੀਬ 22 ਲੱਖ ਰੁਪਏ ਲੁੱਟ ਕੇ ਲੈ ਗਏ। ਇੱਕ ਹਥਿਆਰਬੰਦ ਲੁਟੇਰੇ ਨੇ ਕੈਸ਼ੀਅਰ 'ਤੇ ਪਿਸਤੌਲ ਤਾਣ ਕੇ ਨਕਦੀ ਖੋਹ ਲਈ ਤੇ ਬਾਹਰ ਸਕੂਟਰ ਲੈ ਕੇ ਖੜ੍ਹੇ ਸਾਥੀ ਨਾਲ ਫਰਾਰ ਹੋ ਗਿਆ।

ਬੈਂਕ ਦੇ ਨੇੜੇ ਹੀ ਡਿਪਟੀ ਪੁਲਸ ਕਮਿਸ਼ਨਰ ਅਤੇ ਏ ਡੀ ਸੀ ਪੀ ਟ੍ਰੈਫਿਕ ਦੇ ਦਫਤਰ ਹਨ।

## ਅਮਰੀਕਾ ਤੋਂ ਮਿਲੀ ਸੂਹ ਨਾਲ ਮੁੰਬਈ 'ਚ ਆਈ ਟੀ ਇੰਜੀਨੀਅਰ ਦੀ ਜਾਨ ਬਚਾਈ

**ਮੁੰਬਈ** : ਸਥਾਨਕ ਪੁਲਸ ਨੇ ਅਮਰੀਕੀ ਖੁਫੀਆ ਏਜੰਸੀ ਤੋਂ ਮਿਲੀ ਸੂਹ ਤੋਂ ਬਾਅਦ 25 ਸਾਲਾ ਵਿਅਕਤੀ ਨੂੰ ਖੁਦਕੁਸ਼ੀ ਕਰਨ ਤੋਂ ਰੋਕ ਲਿਆ। ਇਹ ਵਿਅਕਤੀ ਗੂਗਲ 'ਤੇ 'ਬਿਨਾਂ ਦਰਦ ਦੇ ਖੁਦਕੁਸ਼ੀ ਕਿਵੇਂ ਕਰੀਏ' ਬਾਰੇ ਖੋਜ ਕਰ ਰਿਹਾ ਸੀ। ਯੂ ਐੱਸ ਨੈਸ਼ਨਲ ਸੈਂਟਰਲ ਬਿਊਰੋ-ਇੰਟਰਪੋਲ ਵੱਲੋਂ ਸਾਂਝੇ ਕੀਤੇ ਆਈ ਪੀ ਐਡਰੈੱਸ ਅਤੇ ਸਥਾਨ ਵਰਗੀਆਂ ਅਹਿਮ ਜਾਣਕਾਰੀਆਂ ਦੇ ਅਧਾਰ 'ਤੇ ਮੰਗਲਵਾਰ ਦੁਪਹਿਰ ਨੂੰ ਮੁੰਬਈ ਦੇ ਕੁਰਲਾ ਖੇਤਰ 'ਚ ਆਈ ਟੀ ਕੰਪਨੀ 'ਚ ਵਿਅਕਤੀ ਦਾ ਪਤਾ ਲਗਾਇਆ ਗਿਆ ਅਤੇ ਪੁਲਸ ਨੇ ਉਸ ਨੂੰ ਬਚਾਇਆ। ਇੱਥੋਂ ਦੇ ਜੋਗੇਸ਼ਵਰੀ ਇਲਾਕੇ ਦਾ ਰਹਿਣ ਵਾਲਾ ਵਿਅਕਤੀ ਪ੍ਰਾਈਵੇਟ ਕੰਪਨੀ 'ਚ ਆਈ ਟੀ ਇੰਜੀਨੀਅਰ ਵਜੋਂ ਕੰਮ ਕਰਦਾ ਹੈ ਤੇ ਉਸ ਨੇ ਸਿੱਖਿਆ ਅਤੇ ਹੋਰ ਲੋੜਾਂ ਲਈ ਵੱਖ-ਵੱਖ ਵਿੱਤੀ ਸੰਸਥਾਵਾਂ ਤੋਂ ਕਰਜ਼ਾ ਲਿਆ ਸੀ। ਪੁਲਸ ਅਧਿਕਾਰੀ ਨੇ ਕਿਹਾ ਕਿ ਉਹ ਹਾਊਸਿੰਗ ਲੋਨ ਦੀਆਂ ਕਿਸ਼ਤਾਂ ਦਾ ਭੁਗਤਾਨ ਕਰਨ 'ਚ ਵੀ ਅਸਮਰੱਥ ਸੀ, ਜਿਸ ਤੋਂ ਬਾਅਦ ਉਹ ਡਿਪਰੈਸ਼ਨ 'ਚ ਚਲੇ ਗਿਆ ਅਤੇ ਆਨਲਾਈਨ ਖੋਜ ਕਰਨੀ ਸ਼ੁਰੂ ਕਰ ਦਿੱਤੀ ਕਿ ਬਿਨਾਂ ਦਰਦ ਦੇ ਖੁਦਕੁਸ਼ੀ ਕਿਵੇਂ ਕੀਤੀ ਜਾਵੇ। ਅਮਰੀਕਾ ਸਥਿਤ ਏਜੰਸੀ ਨੇ ਨਵੀਂ ਦਿੱਲੀ ਸਥਿਤ ਇੰਟਰਪੋਲ ਦਫਤਰ ਨੂੰ ਇਸ ਬਾਰੇ ਸੁਚੇਤ ਕੀਤਾ, ਜਿਸ ਨੇ ਮੁੰਬਈ ਪੁਲਸ ਨਾਲ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਬਾਅਦ ਉਸ ਵਿਅਕਤੀ ਨੂੰ ਕ੍ਰਾਈਮ ਬ੍ਰਾਂਚ ਦੇ ਦਫਤਰ ਲਿਆਂਦਾ ਗਿਆ ਤੇ ਦਿਲਾਸਾ ਦਿੱਤਾ ਗਿਆ। ਉਸ ਨੇ ਪਹਿਲਾਂ ਵੀ ਆਪਣੀ ਜੀਵਨ ਲੀਲ੍ਹਾ ਸਮਾਪਤ ਕਰਨ ਦੀ ਕੋਸ਼ਿਸ਼ ਕੀਤੀ ਸੀ।

## ਪਾਣੀ ਜੀਰਨ ਲਈ ਤੇਲੰਗਾਨਾ ਮਾਡਲ ਲਾਗੂ ਕਰਨ ਦੀ ਸੰਭਾਵਨਾ ਤਲਾਸ਼ਾਂਗੇ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਡਿੱਗਣ ਤੋਂ ਰੋਕਣ ਲਈ ਵੱਡੀ ਪੁਲਾਂਘ ਪੁੱਟਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਇਸ ਕੀਮਤੀ ਕੁਦਰਤੀ ਸਰੋਤ ਦੀ ਸੰਭਾਲ ਅਤੇ ਸੂਬੇ ਵਿੱਚ ਧਰਤੀ ਹੇਠ ਪਾਣੀ ਜੀਰਣ ਦੀ ਰਫਤਾਰ ਤੇਜ਼ ਕਰਨ ਲਈ ਤੇਲੰਗਾਨਾ ਮਾਡਲ ਨੂੰ ਅਪਨਾਉਣ ਦੀ ਸੰਭਾਵਨਾ ਤਲਾਸ਼ਣ ਦਾ ਐਲਾਨ ਕੀਤਾ ਹੈ।

ਸਿੰਜਾਈ ਵਿਭਾਗ ਦੇ ਅਧਿਕਾਰੀਆਂ ਨਾਲ ਜਲ ਸੰਭਾਲ ਦੇ ਤੇਲੰਗਾਨਾ ਮਾਡਲ ਦਾ ਵਿਸ਼ਲੇਸ਼ਣ ਕਰਨ ਪੁੱਜੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਇਕ ਕ੍ਰਾਂਤੀਕਾਰੀ ਮਾਡਲ ਹੈ, ਜਿਸ ਦਾ ਮੰਤਵ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉੱਪਰ ਚੁੱਕਣ ਲਈ ਪਾਣੀ ਨੂੰ ਜੀਰਣ ਦੀ ਰਫਤਾਰ ਤੇਜ਼ ਕਰਨਾ ਹੈ। ਉਨ੍ਹਾ ਕਿਹਾ ਕਿ ਤੇਲੰਗਾਨਾ ਸਰਕਾਰ ਨੇ ਸੂਬੇ ਭਰ ਵਿੱਚ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਪਿੰਡਾਂ ਵਿੱਚ ਛੋਟੇ-ਛੋਟੇ ਡੈਮ ਬਣਾਏ ਹਨ। ਮਾਨ ਨੇ ਕਿਹਾ ਕਿ ਇਸ ਦੇ ਨਤੀਜੇ ਵਜੋਂ ਪਿੰਡਾਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਦੋ ਮੀਟਰ ਤੱਕ ਉੱਪਰ ਆ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਹੇਠਲਾ ਪਾਣੀ ਬਚਾਉਣ ਲਈ ਇਸ ਮਾਡਲ ਨੂੰ ਪੰਜਾਬ ਵਿੱਚ ਲਾਗੂ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾ ਕਿਹਾ ਕਿ ਇਸ ਮਾਡਲ ਦੇ ਵਿਸ਼ਲੇਸ਼ਣ ਦਾ ਸਾਡਾ ਇਕੋ-ਇਕ ਮਕਸਦ ਆਉਣ ਵਾਲੀਆਂ ਪੀੜ੍ਹੀਆਂ ਦੇ ਭਲੇ ਲਈ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਨੂੰ ਬਚਾਉਣਾ ਹੈ।

## ਸੁਕੇਸ਼ ਚੰਦਰਸ਼ੇਖਰ 9 ਦਿਨ ਦੇ ਰਿਮਾਂਡ 'ਤੇ ਈ ਡੀ ਹਵਾਲੇ

**ਨਵੀਂ ਦਿੱਲੀ** : ਈ ਡੀ ਨੇ ਰੈਲੀਗੇਅਰ ਦੇ ਸਾਬਕਾ ਪ੍ਰਮੋਟਰ ਮਾਲਵਿੰਦਰ ਸਿੰਘ ਦੀ ਪਤਨੀ ਨਾਲ ਧੋਖਾਧੜੀ ਕਰਨ ਦੇ ਮਾਮਲੇ ਵਿਚ ਸੁਕੇਸ਼ ਚੰਦਰਸ਼ੇਖਰ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ, ਜਿਸ ਨੇ ਉਸ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ ਤਹਿਤ ਨੌਂ ਦਿਨਾਂ ਲਈ ਈ ਡੀ ਦੀ ਹਿਰਾਸਤ 'ਚ ਭੇਜ ਦਿੱਤਾ ਹੈ। ਚੰਦਰਸ਼ੇਖਰ 'ਤੇ ਨਵੇਂ ਦੋਸ਼ ਮਾਲਵਿੰਦਰ ਸਿੰਘ ਦੀ ਪਤਨੀ ਜਪਨਾ ਵੱਲੋਂ ਕਥਿਤ ਤੌਰ 'ਤੇ ਦਿੱਤੇ ਸਾਢੇ ਤਿੰਨ ਕਰੋੜ ਰੁਪਏ ਨਾਲ ਸੰਬੰਧਤ ਹਨ। ਉਸ ਨੂੰ ਦੱਸਿਆ ਗਿਆ ਸੀ ਕਿ ਇਹ ਪੈਸਾ ਉਸ ਦੇ ਪਤੀ ਦੀ ਜ਼ਮਾਨਤ ਕਰਵਾਉਣ ਲਈ ਵਰਤਿਆ ਜਾਵੇਗਾ। ਮਾਲਵਿੰਦਰ ਸਿੰਘ ਇਸ ਸਮੇਂ ਕਥਿਤ ਹੇਰਾਫੇਰੀ ਮਾਮਲੇ 'ਚ ਜੇਲ੍ਹ ਅੰਦਰ ਹੈ। ਚੰਦਰਸ਼ੇਖਰ ਵੀ ਹੋਰਨਾਂ ਮਾਮਲਿਆਂ ਵਿਚ ਜੇਲ੍ਹ ਵਿਚ ਹੀ ਹੈ।

## ਪੱਤਰਕਾਰਾਂ ਦੀ ਲੋੜ

'ਨਵਾਂ ਜ਼ਮਾਨਾ' ਨੂੰ ਮੋਗਾ ਜ਼ਿਲ੍ਹੇ ਲਈ ਹੇਠ ਲਿਖੇ ਸਟੇਸ਼ਨਾਂ ਲਈ ਸੂਝਵਾਨ ਤੇ ਤਜਰਬੇਕਾਰ ਪੱਤਰਕਾਰਾਂ ਦੀ ਲੋੜ ਹੈ।

ਨਿਹਾਲ ਸਿੰਘ ਵਾਲਾ, ਫਤਿਹਗੜ੍ਹ ਪੰਜਤੂਰ, ਸਮਾਲਸਰ, ਬੱਧਨੀ ਕਲਾਂ, ਨੱਥੂਵਾਲਾ ਗਰਬੀ, ਢੁੱਡੀ ਕੇ, ਬਿਲਾਸਪੁਰ, ਸਮਾਧਭਾਈ, ਬਰਗਾੜੀ। ਚਾਹਵਾਨ ਸੱਜਣ ਕੰਮ ਵਾਲੇ ਦਿਨ 10.30 ਤੋਂ 5 ਵਜੇ ਤੱਕ 0181-5097300 'ਤੇ ਸੰਪਰਕ ਕਰਨ।

-ਮੈਨੇਜਰ

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਆਪਣਾ ਪੁਰਾਣਾ ਅਧਿਕਾਰ ਪੱਤਰ ਨਾਲ ਲੈ ਕੇ ਆਉਣ।

-ਮੈਨੇਜਰ

## ਮਨੀਸ਼ਾ ਗੁਲਾਟੀ ਮੁੜ ਬਿਰਾਜਮਾਨ



**ਮੁਹਾਲੀ** : ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨੂੰ ਹਟਾਉਣ ਦਾ ਫੈਸਲਾ ਵਾਪਸ ਲੈਣ ਤੋਂ ਬਾਅਦ ਵੀਰਵਾਰ ਮਨੀਸ਼ਾ ਗੁਲਾਟੀ ਨੇ ਮੁੜ ਆਪਣਾ ਅਹੁਦਾ ਸੰਭਾਲ ਲਿਆ। ਸਰਕਾਰ ਨੇ ਮਨੀਸ਼ਾ ਗੁਲਾਟੀ ਨੂੰ ਇਹ ਕਹਿ ਕੇ ਹਟਾ ਦਿੱਤਾ ਸੀ ਕਿ ਉਨ੍ਹਾ ਦੇ ਅਹੁਦੇ ਦੀ ਮਿਆਦ ਵਧਾਈ ਨਹੀਂ ਜਾ ਸਕਦੀ ਹੈ। ਇਸ ਵਿਰੁੱਧ ਗੁਲਾਟੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਬੂਹਾ ਖੜਕਾ ਕੇ ਕਿਹਾ ਕਿ ਸਰਕਾਰ ਨੇ ਉਨ੍ਹਾ ਨੂੰ ਸਮੇਂ ਤੋਂ ਪਹਿਲਾਂ ਹੀ ਅਹੁਦੇ ਤੋਂ ਫਾਰਗ ਕੀਤਾ ਹੈ। ਇਸ ਤੋਂ ਬਾਅਦ ਸਰਕਾਰ ਉਨ੍ਹਾ ਦੀ ਬਹਾਲੀ ਲਈ ਰਾਜ਼ੀ ਹੋ ਗਈ।

ਮੁੜ ਅਹੁਦਾ ਸੰਭਾਲਣ ਮੌਕੇ ਮਨੀਸ਼ਾ ਗੁਲਾਟੀ ਨੇ ਕਿਹਾ ਕਿ ਇਹ ਉਨ੍ਹਾ ਦੇ ਸਨਮਾਨ ਦੀ ਲੜਾਈ ਸੀ, ਕਿਉਂਕਿ ਸਰਕਾਰ ਨੇ ਕਿਹਾ ਸੀ ਕਿ ਚੇਅਰਪਰਸਨ ਦੇ ਅਹੁਦੇ ਦੀ ਮਿਆਦ 'ਚ ਵਾਧਾ ਨਹੀਂ ਕੀਤਾ ਜਾ ਸਕਦਾ। ਉਨ੍ਹਾ ਇਹ ਵੀ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲਣ ਦੀ ਉਡੀਕਵਾਨ ਹੈ।

## ਅਡਾਨੀ ਡੀ ਬੀ ਪਾਵਰ ਦਾ ਥਰਮਲ ਪਲਾਂਟ ਖਰੀਦਣ 'ਚ ਨਾਕਾਮ

**ਨਵੀਂ ਦਿੱਲੀ** : ਅਡਾਨੀ ਪਾਵਰ ਲਿਮਟਿਡ 7,017 ਕਰੋੜ ਰੁਪਏ 'ਚ ਡੀ ਬੀ ਪਾਵਰ ਦੀ ਥਰਮਲ ਪਾਵਰ ਸੰਪਤੀ ਖਰੀਦਣ ਦਾ ਸੌਦਾ ਪੂਰਾ ਕਰਨ 'ਚ ਅਸਫਲ ਰਹੀ ਹੈ। ਅਡਾਨੀ ਪਾਵਰ ਨੇ ਸਟਾਕ ਮਾਰਕੀਟ ਨੂੰ ਕਿਹਾ-ਅਸੀਂ ਇਹ ਦੱਸਣਾ ਚਾਹੁੰਦੇ ਹਾਂ ਕਿ 18 ਅਗਸਤ 2022 ਦੇ ਐੱਮ ਓ ਯੂ ਦੇ ਤਹਿਤ ਆਖਰੀ ਮਿਤੀ ਲੰਘ ਗਈ ਹੈ। ਅਡਾਨੀ ਪਾਵਰ ਨੇ ਇਸ ਤੋਂ ਪਹਿਲਾਂ ਅਗਸਤ 2022 'ਚ ਦੱਸਿਆ ਸੀ ਕਿ ਉਸ ਨੇ ਡੀ ਬੀ ਪਾਵਰ ਲਿਮਟਿਡ ਨੂੰ ਐਕਵਾਇਰ ਕਰਨ ਲਈ ਸਮਝੌਤਾ ਕੀਤਾ ਹੈ। ਕੰਪਨੀ ਕੋਲ ਛੱਤੀਸਗੜ੍ਹ 'ਚ 1200 ਮੈਗਾਵਾਟ ਸਮਰੱਥਾ ਦਾ ਥਰਮਲ ਪਾਵਰ ਪਲਾਂਟ ਹੈ।

## ਸਿਬਿਨ ਸੀ ਨੇ ਅਹੁਦਾ ਸੰਭਾਲਿਆ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਬੈਚ 2005 ਦੇ ਆਈ ਏ ਐੱਸ ਅਧਿਕਾਰੀ ਸਿਬਿਨ ਸੀ ਨੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ (ਸੀ ਈ ਓ) ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਤੋਂ ਪਹਿਲਾਂ ਉਹਨਾ ਵਿਧਾਨ ਸਭਾ ਚੋਣਾਂ-2017 ਅਤੇ ਲੋਕ ਸਭਾ ਚੋਣਾਂ-2019 ਦੌਰਾਨ ਪੰਜਾਬ ਦੇ ਐਡੀਸ਼ਨਲ ਸੀ ਈ ਓ ਵਜੋਂ ਸੇਵਾਵਾਂ ਨਿਭਾਈਆਂ ਹਨ। ਅਹੁਦਾ ਸੰਭਾਲਣ ਤੋਂ ਬਾਅਦ ਉਨ੍ਹਾ ਕਿਹਾ ਕਿ ਬਿਹਤਰ ਚੋਣ ਪ੍ਰਬੰਧਨ ਅਤੇ ਸੰਚਾਲਨ ਲਈ ਪਾਰਦਰਸ਼ਤਾ ਲਿਆਉਣ ਅਤੇ ਨਿਰਵਿਘਨ ਵੋਟਰ ਸੇਵਾਵਾਂ ਯਕੀਨੀ ਬਣਾਉਣ ਲਈ ਤਕਨਾਲੋਜੀ ਨੂੰ ਮੁੱਖ ਸਾਧਨ ਬਣਾਇਆ ਜਾਵੇਗਾ।

## ਪਤਨੀ ਦੇ ਸੰਬੰਧਾਂ ਤੋਂ ਦੁਖੀ ਹੋ ਕੇ ਆਤਮਦਾਹ

**ਨਿਹਾਲ ਸਿੰਘ ਵਾਲਾ** : ਪਿੰਡ ਹਿੰਮਤਪੁਰਾ ਵਾਸੀ 35 ਸਾਲਾ ਜਗਤਾਰ ਸਿੰਘ ਨੇ ਪਤਨੀ ਦੇ ਕਥਿਤ ਨਾਜਾਇਜ਼ ਸੰਬੰਧਾਂ ਤੋਂ ਦੁਖੀ ਹੋ ਕੇ ਆਤਮਦਾਹ ਕਰ ਲਿਆ। ਉਸ ਦੀ ਮਾਤਾ ਮਨਜੀਤ ਕੌਰ ਨੇ ਦੱਸਿਆ ਕਿ ਉਸ ਦੀ ਨੂੰਹ ਰਮਨਦੀਪ ਕੌਰ 12 ਫਰਵਰੀ ਨੂੰ ਬਿਨਾਂ ਦੱਸੇ ਕਿਤੇ ਚਲੀ ਗਈ। ਸ਼ਾਮ ਨੂੰ ਘਰ ਵਾਪਸ ਆਉਣ 'ਤੇ ਜਗਤਾਰ ਸਿੰਘ ਵੱਲੋਂ ਪੁੱਛਣ 'ਤੇ ਲੜਾਈ ਹੋ ਗਈ। ਰਮਨਦੀਪ ਕੌਰ ਦੇ ਬਾਜ ਸਿੰਘ ਨਾਲ ਕਥਿਤ ਨਾਜਾਇਜ਼ ਸੰਬੰਧਾਂ ਤੋਂ ਪ੍ਰੇਸ਼ਾਨ ਹੋ ਕੇ ਜਗਤਾਰ ਨੇ ਆਤਮਦਾਹ ਕਰ ਲਿਆ। ਚੌਂਕੀ ਇੰਚਾਰਜ ਜਸਵੰਤ ਸਿੰਘ ਸਰਾ ਨੇ ਦੱਸਿਆ ਕਿ ਰਮਨਦੀਪ ਕੌਰ ਅਤੇ ਬਾਜ ਸਿੰਘ ਵਾਸੀ ਉੱਗੋਕੇ ਬਰਨਾਲਾ ਖਿਲਾਫ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਮ੍ਰਿਤਕ ਦੇ ਦੋ ਨਾਬਾਲਗ ਬੱਚੇ ਹਨ।

## ਅੱਜ-ਨਾਮਾ

ਕਿਸੇ ਵੀ ਭਾਰਤ ਦੇ ਰਾਜ ਦੀ ਗੱਲ ਕਰੀਏ,
ਖੁਸ਼ ਨਹੀਂ ਕਿਸੇ ਸਰਕਾਰ ਤੋਂ ਲੋਕ ਬੇਲੀ।
ਨਾਅਰਿਆਂ-ਧਰਨਿਆਂ ਦੀ ਚੱਲੀ ਲੜੀ ਜਾਵੇ,
ਬਣਦੇ ਆ ਤਿੱਖੇ ਸਰਕਾਰ ਲਈ ਜੋਕ ਬੇਲੀ।
ਕਹਿਣ ਸਰਕਾਰਾਂ ਕਿ ਲੋਕਾਂ ਦੇ ਭਲੇ ਪਿੱਛੇ,
ਸਾਰੀ ਤਾਕਤ ਹੀ ਦਿੱਤੀ ਗਈ ਝੋਕ ਬੇਲੀ।
ਕਹਿੰਦੇ ਆ ਲੋਕ ਕਿ ਲੀਡਰ ਹੀ ਛਕੀ ਜਾਂਦੇ,
ਲੋਕਾਂ ਤੀਕਰ ਬੱਸ ਪਹੁੰਚ ਰਿਹਾ ਫੋਕ ਬੇਲੀ।
ਹਰ ਇੱਕ ਪਾਰਟੀ ਜਿੱਥੇ ਪਈ ਰਾਜ ਕਰਦੀ,
ਖਾਂਦੀ ਪਬਲਿਕ ਤੋਂ ਰਹਿੰਦੀ ਆ ਮਾਰ ਬੇਲੀ।
ਬੜ੍ਹਕ ਵਿੱਚ ਬੋਲਦੀ ਓਸੇ ਆ ਰਾਜ ਅੰਦਰ,
ਕੀਤੀ ਹੋਈ ਜਿੱਥੇ ਆ ਸੜਕ ਸਵਾਰ ਬੇਲੀ।

-ਤੀਸ ਮਾਰ ਖਾਂ

# ਬਾਜਵਾ ਦੀ ਬੋਲੀ ਭਾਜਪਾ ਵਾਲੀ : ਆਪ

**ਚੰਡੀਗੜ੍ਹ** : ਆਮ ਆਦਮੀ ਪਾਰਟੀ ਨੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦੇ ਬਿਆਨਾਂ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਉਹ ਪ੍ਰਤਾਪ ਸਿੰਘ 'ਭਾਜਪਾ' ਹਨ ਅਤੇ ਇੱਕ ਵਾਰ ਫਿਰ ਤੋਂ ਭਾਜਪਾ ਦੀ ਬੋਲੀ ਬੋਲ ਉਨ੍ਹਾ ਆਪਣਾ ਪੰਜਾਬ ਵਿਰੋਧੀ ਪੱਖ ਪੇਸ਼ ਕੀਤਾ ਹੈ। ਵੀਰਵਾਰ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਆਪ ਦੇ ਸੂਬੇ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਇੱਕ ਪਾਸੇ ਤਾਂ ਕਾਂਗਰਸ ਦੇ ਕੌਮੀ ਲੀਡਰ ਦੇਸ਼ ਜੋੜਨ, ਰਾਜਾਂ ਦੇ ਅਧਿਕਾਰ ਵਧਾਉਣ ਅਤੇ ਫੈਡਰਲ ਢਾਂਚੇ ਨੂੰ ਮਜ਼ਬੂਤ ਕਰਨ ਦੀਆਂ ਗੱਲਾਂ ਕਰਦੇ ਹਨ, ਦੂਜੇ ਪਾਸੇ ਪ੍ਰਤਾਪ ਸਿੰਘ ਬਾਜਵਾ ਰਾਜਪਾਲ ਦਾ ਪੱਖ ਪੂਰ ਰਹੇ ਹਨ। ਸ਼ਾਇਦ ਉਹ ਭੁੱਲ ਗਏ ਹਨ ਕਿ ਭਾਜਪਾ ਨੇ ਇਸੇ ਰਾਜਪਾਲ ਦੇ ਅਹੁਦੇ ਦੀ ਦੁਰਵਰਤੋਂ ਕਰ ਅਰੁਣਾਚਲ ਪ੍ਰਦੇਸ਼, ਮਹਾਰਾਸ਼ਟਰ, ਗੋਆ, ਮੱਧ ਪ੍ਰਦੇਸ਼ ਅਤੇ ਕਰਨਾਟਕਾ ਵਿਚ ਜਾਂ ਤਾਂ ਕਾਂਗਰਸ ਦੀ ਸਰਕਾਰ ਡੇਗ ਦਿੱਤੀ ਜਾਂ ਬਹੁਮਤ ਹੋਣ ਦੇ ਬਾਵਜੂਦ ਸਰਕਾਰ ਬਣਨ ਨਹੀਂ ਦਿੱਤੀ। ਕੰਗ ਨੇ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਬਾਜਵਾ ਸਾਹਿਬ ਪੰਜਾਬ ਅਤੇ ਪੰਜਾਬ ਦੇ ਲੋਕਾਂ ਦੇ ਹੱਕ ਵਿੱਚ ਬੋਲਦੇ, ਪਰ ਉਨ੍ਹਾ ਦੀ ਬੋਲੀ ਸੁਣ ਕੇ ਤਾਂ ਭਾਜਪਾ ਦੇ ਬੁਲਾਰੇ ਵੀ ਸ਼ਰਮ ਮੰਨ ਜਾਣ।

ਕੰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਹੁਸ਼ਿਆਰਪੁਰ ਸਿਰਫ ਟੋਲ ਪਲਾਜ਼ਾ ਬੰਦ ਕਰਵਾਉਣ ਨਹੀਂ ਗਏ ਸਨ, ਸਗੋਂ ਉੱਥੇ ਉਨ੍ਹਾ ਲੋਕਾਂ ਨੂੰ ਇਹ ਵੀ ਦੱਸਿਆ ਕਿ ਕਿਸ ਤਰ੍ਹਾਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰ ਦੀ ਮਿਹਰਬਾਨੀ ਕਰਕੇ ਟੋਲ ਪਲਾਜ਼ੇ ਵਾਲੇ ਆਮ ਲੋਕਾਂ ਦੇ 300 ਕਰੋੜ ਰੁਪਏ ਲੁੱਟਣ ਵਿੱਚ ਕਾਮਯਾਬ ਰਹੇ। ਏਨਾ ਹੀ ਨਹੀਂ ਇਹ ਟੋਲ ਪਲਾਜ਼ਾ 2013 ਵਿੱਚ ਬੰਦ ਹੋਣਾ ਸੀ ਅਤੇ ਉਨ੍ਹਾਂ 'ਤੇ 60 ਕਰੋੜ ਉਲੰਘਣਾ ਕਰਨ ਕਾਰਨ ਜੁਰਮਾਨਾ ਵੀ ਲੱਗਿਆ ਸੀ। ਅਕਾਲੀ-ਭਾਜਪਾ ਸਰਕਾਰ ਨੇ ਨਾ ਸਿਰਫ ਉਨ੍ਹਾਂ ਦਾ ਜੁਰਮਾਨਾ ਮੁਆਫ ਕੀਤਾ, ਸਗੋਂ ਉਨ੍ਹਾਂ ਨੂੰ 49 ਕਰੋੜ ਦੀ ਸਬਸਿਡੀ ਦੇ ਨਾਲ ਨਾਲ ਟੋਲ ਦਾ ਸਮਾਂ ਵੀ ਵਧਾ ਦਿੱਤਾ। ਇਸ ਦੌਰਾਨ ਪ੍ਰਤਾਪ ਸਿੰਘ ਬਾਜਵਾ ਆਪ ਪੀ ਡਬਲਿਊ ਡੀ ਮੰਤਰੀ ਰਹੇ ਤਾਂ ਉਨ੍ਹਾ ਆਮ ਲੋਕਾਂ ਲਈ ਕੀ ਕੀਤਾ।



ਪਟਿਆਲਾ-ਸਮਾਣਾ-ਪਾਤੜਾਂ ਟੋਲ ਪਲਾਜ਼ੇ ਸੰਬੰਧੀ ਸਵਾਲ ਦਾ ਜਵਾਬ ਦਿੰਦਿਆਂ ਕੰਗ ਨੇ ਕਿਹਾ ਕਿ ਉਨ੍ਹਾਂ ਨੂੰ ਮਾਣਯੋਗ ਕੋਰਟ ਤੋਂ 60 ਦਿਨ ਦਾ ਸਮਾਂ ਮਿਲਿਆ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਦੀ ਲੁੱਟ ਜਾਰੀ ਰਹੇਗੀ, ਉਨ੍ਹਾਂ ਨੂੰ ਨੋਟਿਸ ਭੇਜ ਦਿੱਤਾ ਗਿਆ ਹੈ ਅਤੇ ਉਨ੍ਹਾਂ ਦਾ ਸਕਿਉਰਿਟੀ ਡਿਪਾਜ਼ਿਟ ਵੀ ਜ਼ਬਤ ਕਰ ਲਿਆ ਗਿਆ ਹੈ। ਜ਼ੀਰਾ ਸ਼ਰਾਬ ਫੈਕਟਰੀ ਮਾਮਲੇ 'ਤੇ ਬਾਜਵਾ ਦੀ ਟਿੱਪਣੀ 'ਤੇ ਕੰਗ ਨੇ ਕਿਹਾ ਕਿ ਜੇਕਰ ਉਹ ਮੰਨਦੇ ਹਨ ਕਿ ਜ਼ੀਰਾ ਸ਼ਰਾਬ ਫੈਕਟਰੀ ਬੰਦ ਕਰਕੇ ਭਗਵੰਤ ਮਾਨ ਨੇ ਗਲਤ ਕੀਤਾ ਹੈ ਤਾਂ ਮੈਂ ਉਨ੍ਹਾ ਨੂੰ ਚੁਣੌਤੀ ਦਿੰਦਾ ਹਾਂ ਕਿ ਜੇਕਰ ਦਮ ਹੈ ਤਾਂ ਇਹੀ ਗੱਲ ਉਹ ਜ਼ੀਰਾ ਦੇ ਲੋਕਾਂ ਵਿਚਕਾਰ ਬੈਠ ਕੇ ਕਹਿਣ।

ਉਨ੍ਹਾ ਕਿਹਾ ਕਿ ਕੱਲ੍ਹ ਤੱਕ ਜਿਹੜੇ ਕਾਂਗਰਸੀ ਤੇ ਅਕਾਲੀ ਜ਼ੀਰਾ ਧਰਨੇ ਵਿੱਚ ਮਗਰਮੱਛ ਦੇ ਹੰਝੂ ਵਹਾ ਰਹੇ ਸਨ, ਅੱਜ ਉਹ ਸ਼ਰਾਬ ਫੈਕਟਰੀ ਬੰਦ ਹੋਣ 'ਤੇ ਰੌਲਾ ਪਾ ਰਹੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਲੋਕਾਂ ਦਾ ਸੱਚਾ ਸ਼ੁਭਚਿੰਤਕ ਕੌਣ ਹੈ। ਪੰਦਰਾਂ ਸਾਲਾਂ ਤੋਂ ਜ਼ੀਰੇ ਦੀ ਫੈਕਟਰੀ ਦੇ ਜ਼ਹਿਰ ਨਾਲ ਲੋਕ ਤੜਫ ਰਹੇ ਸਨ, ਲੋਕਤੰਤਰ ਵਿੱਚ ਲੋਕਾਂ ਤੋਂ ਵੱਡਾ ਕੋਈ ਨਹੀਂ ਹੁੰਦਾ, ਮੁੱਖ ਮੰਤਰੀ ਨੇ ਲੋਕਾਂ ਦੀ ਗੱਲ ਸੁਣੀ ਅਤੇ ਲੋਕ ਹਿੱਤ ਵਿੱਚ ਫੈਸਲਾ ਲਿਆ। ਪ੍ਰੈੱਸ ਕਾਨਫਰੰਸ ਵਿੱਚ ਮਲਵਿੰਦਰ ਸਿੰਘ ਕੰਗ ਨਾਲ ਪਾਰਟੀ ਬੁਲਾਰੇ ਡਾ. ਸੰਨੀ ਆਹਲੂਵਾਲੀਆ, ਅਹਿਬਾਬ ਗਰੇਵਾਲ ਅਤੇ ਐਡਵੋਕੇਟ ਰਵਿੰਦਰ ਸਿੰਘ ਹਾਜ਼ਰ ਸਨ।

## ਫੇਸ਼ੀਅਲ ਕਰਦਿਆਂ ਕਰ'ਗੀ ਗਲਾ ਸਾਫ

**ਨੰਗਲ (ਸੁਰਜੀਤ ਸਿੰਘ)**-ਅਕਸਰ ਅਜਿਹੀਆਂ ਖ਼ਬਰਾਂ ਪੜ੍ਹਨ ਤੇ ਸੁਣਨ ਨੂੰ ਮਿਲਦੀਆਂ ਹਨ ਕਿ ਮੋਟਰਸਾਈਕਲ ਸਵਾਰ ਕਿਸੇ ਦੇ ਗਲ 'ਚੋਂ ਸੋਨੇ ਦੀ ਚੈਨੀ ਲਾਹ ਕੇ ਫਰਾਰ ਹੋ ਗਏ, ਪਰ ਨੰਗਲ ਦੇ ਪੁਰਾਣਾ ਗੁਰਦਵਾਰਾ 'ਚ ਲੁੱਟ ਦੇ ਨਿਵੇਕਲੇ ਅੰਦਾਜ਼ ਨੇ ਸਭ ਨੂੰ ਹੈਰਾਨ ਕਰ ਕੇ ਰੱਖ ਦਿੱਤਾ। ਭਾਵੇਂ ਮਾਮਲਾ ਪੁਲਸ ਕੋਲ ਪਹੁੰਚਣ ਤੋਂ ਪਹਿਲਾਂ ਹੀ ਹੱਲ ਹੋ ਗਿਆ, ਪਰ ਇਲਾਕੇ ਵਿੱਚ ਇਸ ਦੀ ਖ਼ੂਬ ਚਰਚਾ ਹੋ ਰਹੀ ਹੈ। ਇੱਕ ਕੁੜੀ ਆਪਣੇ ਵਿਆਹ ਦੇ ਸ਼ਿੰਗਾਰ ਲਈ ਫੇਸ਼ੀਅਲ ਕਰਵਾਉਣ ਬਿਊਟੀ ਪਾਰਲਰ ਵਿੱਚ ਗਈ ਤਾਂ ਪਾਰਲਰ ਵਾਲੀ ਨੇ ਉਸ ਦੀਆਂ ਅੱਖਾਂ ਬੰਦ ਕਰਵਾ ਕੇ ਮੂੰਹ 'ਤੇ ਕਰੀਮ ਮਲਦੇ-ਮਲਦੇ ਸੋਨੇ ਦੀ ਚੇਨ ਲਾਹ ਲਈ, ਜਿਸ ਦਾ ਵਿਆਂਦੜ ਨੂੰ ਵੀ ਪਤਾ ਨਾ ਲੱਗਿਆ। ਘਰ ਜਾਣ ਸਮੇਂ ਉਸ ਦਾ ਹੱਥ ਚਾਣਚੱਕ ਗਰਦਨ 'ਤੇ ਪਿਆ ਤਾਂ ਉਸ ਨੇ ਇੱਧਰ-ਉਧਰ ਝਾਤ ਮਾਰੀ, ਪਰ ਉਸ ਨੂੰ ਕਿਤੇ ਵੀ ਚੈਨੀ ਨਜ਼ਰ ਨਹੀਂ ਆਈ। ਜਦੋਂ ਉਕਤ ਕੁੜੀ ਨੇ ਪਾਰਲਰ ਵਾਲੀ ਤੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਪਹਿਲਾਂ ਤਾਂ ਕੋਰੀ ਨਾਂਹ ਕਰਦਿਆਂ ● ਬਾਕੀ ਸਫ਼ਾ 2 'ਤੇ

CMYK

ਨਵਾਂ ਜ਼ਮਾਨਾ

ਸ਼ੁੱਕਰਵਾਰ, 17 ਫਰਵਰੀ 2023

# ਗਵਰਨਰ ਹੱਦ ਨਾ ਉਲੰਘੇ

ਇਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਗਵਰਨਰ ਬਨਵਾਰੀ ਲਾਲ ਪਰੋਹਿਤ ਵਿਚਕਾਰ ਜੰਗ ਜਾਰੀ ਹੈ। ਅਸਲ ਵਿੱਚ ਭਾਜਪਾ ਜਿਨ੍ਹਾਂ ਰਾਜਾਂ ਵਿੱਚ ਸੱਤਾਧਾਰੀ ਨਹੀਂ, ਉਥੇ ਉਹ ਗਵਰਨਰਾਂ ਰਾਹੀਂ ਰਾਜ ਚਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਦੱਖਣ ਦੇ ਤਿੰਨ ਰਾਜਾਂ ਕੇਰਲਾ, ਤਾਮਿਲਨਾਡੂ ਤੇ ਤੇਲੰਗਾਨਾ ਵਿੱਚ ਵੀ ਰਾਜਪਾਲ ਚੁਣੀਆਂ ਸਰਕਾਰਾਂ ਨਾਲ ਟਕਰਾਅ ਦੀ ਨੀਤੀ 'ਤੇ ਚੱਲ ਰਹੇ ਹਨ। ਵਿਧਾਨ ਸਭਾਵਾਂ ਵਿੱਚ ਪਾਸ ਲੋਕਹਿੱਤ ਦੇ ਬਿੱਲਾਂ ਉੱਤੇ ਦਸਤਖਤ ਕਰਨ ਦੀ ਥਾਂ ਉਨ੍ਹਾਂ ਉੱਤੇ ਕੁੰਡਲੀ ਮਾਰ ਕੇ ਬੈਠੇ ਰਹਿਣ ਦੀ ਇੱਕ ਨਵੀਂ ਰਵਾਇਤ ਸ਼ੁਰੂ ਹੋ ਗਈ ਹੈ। ਰਾਜਪਾਲ ਇੱਕ ਸੰਵਿਧਾਨਕ ਮੁਖੀ ਹੁੰਦਾ ਹੈ, ਉਸ ਨੂੰ ਚੁਣੀ ਹੋਈ ਸਰਕਾਰ ਦੇ ਫੈਸਲਿਆਂ ਮੁਤਾਬਕ ਕੰਮ ਕਰਨਾ ਹੁੰਦਾ ਹੈ, ਪਰ ਇਸ ਦੇ ਉਲਟ ਰਾਜਪਾਲ ਸਮਾਂਤਰ ਸਰਕਾਰਾਂ ਚਲਾਉਣ ਵਿੱਚ ਲੱਗੇ ਹੋਏ ਹਨ।

ਪੰਜਾਬ ਵਿੱਚ ਤਾਂ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਦੋਂ ਤੋਂ ਰਾਜਪਾਲ ਦਾ ਉਸ ਨਾਲ ਇੱਟ-ਖੜਿੱਕਾ ਚੱਲ ਰਿਹਾ ਹੈ। ਪਿਛਲੇ ਦਿਨੀਂ ਗਵਰਨਰ ਵੱਲੋਂ ਮੁੱਖ ਮੰਤਰੀ ਨੂੰ ਲਿਖੀ ਚਿੱਠੀ ਤੇ ਮੁੱਖ ਮੰਤਰੀ ਵੱਲੋਂ ਉਸ ਦੇ ਦਿੱਤੇ ਜਵਾਬ ਨੇ ਲੜਾਈ ਸਿਖਰਾਂ ਉੱਤੇ ਪੁਚਾ ਦਿੱਤੀ ਹੈ। ਇਹ ਚਿੱਠੀ ਪਹਿਲਾਂ ਮੀਡੀਆ ਨੂੰ ਜਾਰੀ ਕੀਤੀ ਗਈ ਤੇ ਫਿਰ ਮੁੱਖ ਮੰਤਰੀ ਨੂੰ ਭੇਜੀ ਗਈ। ਇਸ ਚਿੱਠੀ ਵਿੱਚ ਗਵਰਨਰ ਨੇ ਮੁੱਖ ਮੰਤਰੀ ਤੋਂ ਚਿਤਾਵਨੀ ਦੇ ਲਹਿਜੇ ਵਿੱਚ ਕਈ ਸਵਾਲ ਪੁੱਛੇ ਹਨ। ਪ੍ਰਿੰਸੀਪਲਾਂ ਨੂੰ ਵਿਸ਼ੇਸ਼ ਟਰੇਨਿੰਗ ਲਈ ਸਿੰਗਾਪੁਰ ਭੇਜਣ ਬਾਰੇ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਸ਼ਿਕਾਇਤ ਮਿਲੀ ਹੈ ਕਿ ਚੋਣ ਕਰਨ ਸਮੇਂ ਪੱਖਪਾਤ ਕੀਤਾ ਗਿਆ ਹੈ। ਉਨ੍ਹਾ ਚੋਣ ਪ੍ਰਕਿਰਿਆ, ਮਾਪਦੰਡ ਤੇ ਯਾਤਰਾ ਦੇ ਖਰਚਿਆਂ ਦਾ ਵੇਰਵਾ ਦੇਣ ਲਈ ਕਿਹਾ ਹੈ। ਪੰਜਾਬ ਸੂਚਨਾ ਤੇ ਸੰਚਾਰ ਨਿਗਮ ਲਿਮਟਿਡ ਦਾ ਗੁਰਵਿੰਦਰਜੀਤ ਸਿੰਘ ਜਵੰਦਾ ਨੂੰ ਚੇਅਰਮੈਨ ਲਾਉਣ ਉਤੇ ਸਵਾਲ ਖੜ੍ਹਾ ਕੀਤਾ ਗਿਆ ਹੈ। ਪੰਜਾਬ ਕਾਡਰ ਦੇ ਆਈ ਪੀ ਐੱਸ ਅਧਿਕਾਰੀ ਨੂੰ ਜਲੰਧਰ ਦਾ ਪੁਲਸ ਕਮਿਸ਼ਨਰ ਲਾਏ ਜਾਣ ਦੇ ਫੈਸਲੇ ਦਾ ਵਿਰੋਧ ਕੀਤਾ ਗਿਆ ਹੈ। ਇਸ ਪੱਤਰ ਵਿੱਚ ਕਿਹਾ ਗਿਆ ਹੈ ਕਿ ਵਜ਼ੀਫੇ ਨਾ ਮਿਲਣ ਕਾਰਨ ਅਨੁਸੂਚਿਤ ਜਾਤਾਂ ਦੇ ਦੋ ਲੱਖ ਵਿਦਿਆਰਥੀਆਂ ਦੀ ਪੜ੍ਹਾਈ ਛੁੱਟ ਗਈ ਹੈ, ਉਸ ਦਾ ਜਵਾਬ ਦਿੱਤਾ ਜਾਵੇ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਨੂੰ ਹਟਾਉਣ ਲਈ ਕਿਹਾ ਗਿਆ ਸੀ, ਪਰ ਹਾਲੇ ਤੱਕ ਹਟਾਇਆ ਕਿਉਂ ਨਹੀਂ ਗਿਆ।

ਇਸ ਚਿੱਠੀ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਸਖ਼ਤ ਸਟੈਂਡ ਲੈਂਦਿਆਂ ਕਿਹਾ ਕਿ ਉਹ ਪੰਜਾਬ ਦੇ ਤਿੰਨ ਕਰੋੜ ਲੋਕਾਂ ਪ੍ਰਤੀ ਜਵਾਬਦੇਹ ਹਨ, ਜਿਨ੍ਹਾਂ ਉਨ੍ਹਾ ਦੀ ਸਰਕਾਰ ਬਣਾਈ ਹੈ, ਕੇਂਦਰ ਦੇ ਨੁਮਾਇੰਦੇ ਰਾਜਪਾਲ ਪ੍ਰਤੀ ਨਹੀਂ। ਚਿੱਠੀ ਵਿੱਚ ਲਿਖੇ ਸਾਰੇ ਮਸਲੇ ਰਾਜ ਸ਼ਾਸਨ ਨਾਲ ਸੰਬੰਧਤ ਹਨ, ਉਹ ਇਨ੍ਹਾਂ ਬਾਰੇ ਕੇਂਦਰ ਅੱਗੇ ਵੀ ਜਵਾਬਦੇਹ ਨਹੀਂ ਹਨ। ਉਨ੍ਹਾ ਸਪੱਸ਼ਟ ਕਿਹਾ ਕਿ ਗਵਰਨਰ ਦੀ ਚਿੱਠੀ ਦਾ ਉਨ੍ਹਾ ਵੱਲੋਂ ਇਹੋ ਜਵਾਬ ਹੈ। ਇਸ ਤੋਂ ਬਾਅਦ ਰਾਜਪਾਲ ਨੇ ਇਹ ਦਬਕਾ ਮਾਰ ਦਿੱਤਾ ਹੈ ਕਿ ਜੇਕਰ ਮੁੱਖ ਮੰਤਰੀ ਦੋ ਹਫ਼ਤਿਆਂ ਵਿੱਚ ਉਨ੍ਹਾ ਦੀ ਚਿੱਠੀ ਦਾ ਜਵਾਬ ਨਹੀਂ ਦਿੰਦੇ ਤਾਂ ਉਹ ਕਾਨੂੰਨੀ ਸਲਾਹ ਲੈਣਗੇ। ਇਸ ਦੇ ਜਵਾਬ ਵਿੱਚ ਭਗਵੰਤ ਮਾਨ ਨੇ ਵੀ ਕਹਿ ਦਿੱਤਾ ਹੈ ਕਿ ਉਹ ਰਾਜਪਾਲ ਦੀ ਚਿੱਠੀ ਦਾ ਜਵਾਬ ਨਹੀਂ ਦੇਣਗੇ ਤੇ ਉਹ ਵੀ ਕਾਨੂੰਨੀ ਮਾਹਰਾਂ ਤੋਂ ਰਾਏ ਲੈਣਗੇ।

ਗਵਰਨਰ ਤੇ ਸਰਕਾਰ ਦਰਮਿਆਨ ਇਹ ਟਕਰਾਅ ਉਸ ਸਮੇਂ ਹੋ ਰਿਹਾ ਹੈ, ਜਦੋਂ ਮਾਰਚ ਦੇ ਪਹਿਲੇ ਹਫ਼ਤੇ ਵਿਧਾਨ ਸਭਾ ਦਾ ਬਜਟ ਸੈਸ਼ਨ ਸ਼ੁਰੂ ਹੋਵੇਗਾ। ਇਸ ਦੀ ਸ਼ੁਰੂਆਤ ਗਵਰਨਰ ਦੇ ਭਾਸ਼ਣ ਨਾਲ ਹੋਵੇਗੀ। ਗਵਰਨਰ ਦਾ ਭਾਸ਼ਣ ਸਰਕਾਰ ਵੱਲੋਂ ਤਿਆਰ ਕੀਤਾ ਜਾਂਦਾ ਹੈ। ਸਾਫ਼ ਹੈ ਕਿ ਇਸ ਭਾਸ਼ਣ ਵਿੱਚ ਪ੍ਰਿੰਸੀਪਲਾਂ ਨੂੰ ਸਿੰਗਾਪੁਰ ਜਾਣ ਨੂੰ ਰਾਜ ਸਰਕਾਰ ਇੱਕ ਪ੍ਰਾਪਤੀ ਵਜੋਂ ਪੇਸ਼ ਕਰੇਗੀ। ਇਸ ਤੋਂ ਇਲਾਵਾ ਹੋਰ ਵੀ ਕਈ ਕੰਮ ਸ਼ਾਮਲ ਹੋ ਸਕਦੇ ਹਨ, ਜਿਹੜੇ ਗਵਰਨਰ ਨੂੰ ਚੰਗੇ ਨਾ ਲੱਗਦੇ ਹੋਣ, ਪਰ ਰਾਜ ਸਰਕਾਰ ਪ੍ਰਾਪਤੀ ਸਮਝਦੀ ਹੋਵੇ। ਇਸ ਭਾਸ਼ਣ ਪ੍ਰਤੀ ਗਵਰਨਰ ਕੀ ਰਵੱਈਆ ਅਖਤਿਆਰ ਕਰਦੇ ਹਨ, ਇਹ ਉਹੋ ਜਾਣਦੇ ਹਨ। ਇੱਕ ਗੱਲ ਸਪੱਸ਼ਟ ਹੈ ਕਿ ਜੇਕਰ ਗਵਰਨਰ ਚੁਣੀ ਹੋਈ ਸਰਕਾਰ ਵਿਰੁੱਧ ਰਾਜ ਵਿੱਚ ਰਾਸ਼ਟਰਪਤੀ ਲਾਗੂ ਕੀਤੇ ਜਾਣ ਦਾ ਮਨ ਬਣਾਈ ਬੈਠੇ ਹਨ ਤਾਂ ਉਨ੍ਹਾ ਨੂੰ ਇਹ ਗੱਲ ਮਨ ਵਿੱਚੋਂ ਕੱਢ ਦੇਣੀ ਚਾਹੀਦੀ ਹੈ। ਇਹ ਇਸ ਸਰਹੱਦੀ ਸੂਬੇ ਵਿੱਚ ਅੱਗ ਨਾਲ ਖੇਡਣ ਵਾਲੀ ਗੱਲ ਹੋਵੇਗੀ। ਪੰਜਾਬ ਦੇ ਲੋਕਾਂ ਵਿੱਚੋਂ ਕੁਝ ਦੇ ਮੌਜੂਦਾ ਪੰਜਾਬ ਸਰਕਾਰ ਨਾਲ ਮਤਭੇਦ ਹੋ ਸਕਦੇ ਹਨ, ਪਰ ਅਜਿਹੀ ਕਿਸੇ ਵੀ ਗੈਰ-ਜਮਹੂਰੀ ਕਾਰਵਾਈ ਦਾ ਉਹ ਡਟ ਕੇ ਵਿਰੋਧ ਕਰਨਗੇ। ਇਸ ਲਈ ਗਵਰਨਰ ਸਾਹਿਬ ਨੂੰ ਆਪਣੀ ਹੱਦ ਨਹੀਂ ਉਲੰਘਣੀ ਚਾਹੀਦੀ।

-ਚੰਦ ਫਤਿਹਪੁਰੀ

## ਪੰਜਾਬੀ ਬਨਾਮ ਪੰਜੌਲੀਏ !

ਬੋਲੀ ਬੋਲਦੇ ਰਹਿਣ ਕਈ ਮਾਲਕਾਂ ਦੀ,
ਨਿੱਜੀ ਗਰਜਾਂ ਨੂੰ ਜਿਹੜੇ ਪਿਆਰਦੇ ਨੇ।
ਅੱਖ ਜਿਨ੍ਹਾਂ ਦੀ ਟਿਕਟਾਂ ਜਾਂ ਕੁਰਸੀਆਂ 'ਤੇ,
ਭਾਸ਼ਣ ਕਰਦੇ ਉਹ 'ਝੱਲ' ਖਿਲਾਰਦੇ ਨੇ।
ਅੱਗਾ ਢਕਣ ਲਈ ਰਾਣੀ ਨੂੰ ਆਖਦੇ ਜੋ,
ਲੋਕੀਂ ਅਣਖੀਆਂ ਤਾਈਂ ਸਤਿਕਾਰਦੇ ਨੇ।
ਵਿਰਲੇ ਸੱਚ ਦੇ ਰਾਹਾਂ 'ਤੇ ਤੁਰਨ ਵਾਲੇ,
ਬਹੁਤੇ 'ਭੇਡਾਂ' ਬਣ ਜੀਵਨ ਗੁਜ਼ਾਰਦੇ ਨੇ।
ਕੋਈ ਕਿੰਨਾ ਕੁ ਦੱਬ ਕੇ ਰੱਖ ਲਏਗਾ,
ਲਗਰਾਂ ਸੱਚ ਦੀਆਂ ਅੰਦਰੋਂ ਮੌਲੀਆਂ ਨੂੰ।
ਫਸਿਆ ਕੱਢਣਾ ਪੈਂਦਾ ਹੈ ਅੰਤ ਨੂੰ ਜੀ,
ਸਿਰ 'ਪੰਜਾਲੀ' 'ਚੋਂ ਅੱਕੇ ਪੰਜੌਲੀਆਂ ਨੂੰ।

-ਤਰਲੋਚਨ ਸਿੰਘ 'ਦੁਪਾਲਪੁਰ', 78146-92724

# ਬੱਚੀਆਂ ਦਾ ਜਿਨਸੀ ਸ਼ੋਸ਼ਣ ਮੰਦਭਾਗਾ ਵਰਤਾਰਾ



ਡਾ. ਗੁਰਤੇਜ ਸਿੰਘ

ਇਹ ਸਾਡੇ ਸਮਾਜ ਦਾ ਦੁਖਾਂਤ ਹੈ ਕਿ ਬੱਚੀਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲਿਆਂ 'ਚ ਬੇਤਹਾਸ਼ਾ ਵਾਧਾ ਹੋਇਆ ਹੈ। ਹਰ ਰੋਜ਼ ਸ਼ਰਮਨਾਕ ਕੇਸ ਸਾਹਮਣੇ ਆ ਰਹੇ ਹਨ, ਜਿਨ੍ਹਾਂ ਨੇ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਹੈ। 74ਵੇਂ ਗਣਤੰਤਰ ਦਿਵਸ ਤੋਂ ਕੁਝ ਦਿਨ ਪਹਿਲਾਂ ਪਟਿਆਲਾ ਜ਼ਿਲ੍ਹੇ ਦੇ ਬਲਬੇੜਾ ਕਸਬੇ ਵਿੱਚ ਇੱਕ ਵਿਆਹ ਸਮਾਗਮ ਦੀ ਸ਼ਾਮ ਨੂੰ ਅਨੁਸੂਚਿਤ ਜਾਤੀ ਦੀ 11 ਸਾਲਾ ਲੜਕੀ ਨਾਲ ਉੱਥੋਂ ਦੇ ਰਸੂਖ਼ਦਾਰ ਮੁੰਡਿਆਂ ਵੱਲੋਂ ਜਬਰ-ਜ਼ਨਾਹ ਦੀ ਮੰਦਭਾਗੀ ਘਟਨਾ ਨੂੰ ਅੰਜਾਮ ਦਿੱਤਾ ਜਾਂਦਾ ਹੈ। ਪੀੜਤ ਲੜਕੀ ਨੂੰ ਤਰਸਯੋਗ ਹਾਲਤ ਵਿੱਚ ਉਸ ਦੇ ਘਰ ਸਾਹਮਣੇ ਸੁੱਟਿਆ ਜਾਂਦਾ ਹੈ, ਇਸ ਦੌਰਾਨ ਉਨ੍ਹਾਂ ਰਸੂਖਦਾਰਾਂ ਦੀ ਲੜਕੀ ਦੇ ਪਰਵਾਰ ਨਾਲ ਹੱਥੋਪਾਈ ਵੀ ਹੁੰਦੀ ਹੈ। ਇਸ ਘਟਨਾ ਤੋਂ ਬਾਅਦ ਵੀ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਰਹਿੰਦਾ ਹੈ ਤੇ ਕੁਝ ਸਮਾਜ ਸੇਵੀ ਲੋਕਾਂ ਦੁਆਰਾ ਆਵਾਜ਼ ਬੁਲੰਦ ਕਰਨ 'ਤੇ ਹੀ ਪ੍ਰਸ਼ਾਸਨ ਗਹਿਰੀ ਨੀਂਦ 'ਚੋਂ ਜਾਗਦਾ ਹੈ ਤੇ ਬਣਦੀ ਕਾਰਵਾਈ ਕਰਨ ਦਾ ਭਰੋਸਾ ਦਿੰਦਾ ਹੈ। ਵਿਚਾਰਨਯੋਗ ਪਹਿਲੂ ਇਹ ਹੈ ਕਿ ਕੀ ਇਸ ਗਰੀਬ ਧੀ ਨੂੰ ਵੀ ਇਨਸਾਫ਼ ਮਿਲੇਗਾ ਜਾਂ ਫਿਰ ਹੋਰਾਂ ਹਜ਼ਾਰਾਂ ਕੇਸਾਂ ਵਾਂਗ ਪੁਲਸ ਦੀਆਂ ਫਾਈਲਾਂ 'ਚ ਕੈਦ ਹੋ ਕੇ ਰਹਿ ਜਾਵੇਗਾ। ਕੀ ਉਹ ਦਰਿੰਦੇ ਕਾਨੂੰਨ ਦੀ ਪਕੜ ਹੇਠਾਂ ਆਉਣਗੇ ਜਾਂ ਹੋਰ ਕੇਸਾਂ ਵਾਂਗ ਇਸ ਗਰੀਬ, ਲਾਚਾਰ ਦੀ ਇੱਜ਼ਤ ਦਾ ਜਨਾਜ਼ਾ ਵੀ ਉੱਠ ਜਾਵੇਗਾ, ਇਨ੍ਹਾਂ ਸਵਾਲਾਂ ਦੇ ਜਵਾਬ ਅਜੇ ਵੀ ਭਵਿੱਖ ਦੀ ਗੋਦ 'ਚ ਹਨ, ਪਰ ਔਰਤਾਂ ਦੀ ਸੁਰੱਖਿਆ ਦਾ ਸਵਾਲ ਸਮਾਜ, ਪ੍ਰਸ਼ਾਸਨ ਵੱਲ ਮੂੰਹ ਅੱਡ ਕੇ ਜਵਾਬ ਦੀ ਉਡੀਕ ਕਰ ਰਿਹਾ ਹੈ।

ਇਸ ਮੰਦਭਾਗੀ ਘਟਨਾ ਨੇ ਅਤੀਤ ਦੇ ਜ਼ਖ਼ਮ ਹਰੇ ਕਰ ਦਿੱਤੇ ਹਨ। ਮਾਨਸਾ ਜ਼ਿਲ੍ਹੇ ਦੇ ਪਿੰਡ ਬੁਰਜ ਝੱਬਰ ਦਾ ਸ. ਬੰਤ ਸਿੰਘ ਝੱਬਰ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਉਸ ਦੀ ਨਾਬਾਲਗ ਲੜਕੀ ਨਾਲ ਸੰਨ 2002 ਵਿੱਚ ਉਸ ਦੇ ਹੀ ਪਿੰਡ ਦੇ ਅਖੌਤੀ ਉੱਚ ਜਾਤੀ ਦੇ ਕੁਝ ਲੋਕਾਂ ਨੇ ਬਲਾਤਕਾਰ ਕੀਤਾ ਸੀ। ਇਸ ਦਰਿੰਦਗੀ ਦਾ ਸ. ਝੱਬਰ ਨੇ ਡਟ ਕੇ ਵਿਰੋਧ ਕੀਤਾ ਸੀ ਤਾਂ ਰਸੂਖ਼ਦਾਰਾਂ ਨੇ ਉਸ ਨੂੰ ਸ਼ਿਕਾਇਤ ਵਾਪਸ ਲੈਣ ਲਈ ਬਹੁਤ ਦਬਾਅ ਪਾਇਆ, ਪਰ ਉਹ ਨਿਡਰ ਯੋਧਾ ਘਬਰਾਇਆ ਨਹੀਂ। ਜਨਵਰੀ 2006 ਵਿੱਚ ਸ਼ਹਿਰ ਤੋਂ ਵਾਪਸ ਆਉਂਦੇ ਸਮੇਂ ਉਕਤ ਦੋਸ਼ੀਆਂ ਨੇ ਉਸ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਉਸ ਦੀ ਬੁਰੀ ਤਰ੍ਹਾਂ ਮਾਰ-ਕੁਟਾਈ ਕੀਤੀ ਸੀ, ਜਿਸ ਕਰਕੇ ਇਲਾਜ ਦੌਰਾਨ ਉਸ ਦੀਆਂ ਦੋਵੇਂ ਬਾਹਾਂ ਅਤੇ ਇੱਕ ਲੱਤ ਮਜਬੂਰੀਵੱਸ ਕੱਟਣੀ ਪਈ ਸੀ। ਇਸੇ ਤਰ੍ਹਾਂ ਹੀ ਲੱਗਭੱਗ ਦੋ ਦਹਾਕੇ ਪਹਿਲਾਂ ਬਰਨਾਲਾ ਜ਼ਿਲ੍ਹੇ ਦੇ ਪਿੰਡ ਮਹਿਲ ਕਲਾਂ 'ਚ ਉਸੇ ਪਿੰਡ ਦੇ ਰਸੂਖ਼ਦਾਰਾਂ ਨੇ ਸਕੂਲ ਪੜ੍ਹਦੀ ਕੁੜੀ ਨਾਲ ਜਬਰ-ਜ਼ਨਾਹ ਕੀਤਾ ਸੀ ਤੇ ਲਾਸ਼ ਨੂੰ ਜ਼ਮੀਨ ਵਿੱਚ ਦੱਬ ਦਿੱਤਾ ਸੀ। ਪ੍ਰਸ਼ਾਸਨ ਨੇ ਉਸ ਸਮੇਂ ਸਾਰਾ ਜ਼ੋਰ ਦੋਸ਼ੀਆਂ ਨੂੰ ਬਚਾਉਣ ਲਈ ਲਗਾ ਦਿੱਤਾ ਸੀ। ਆਖ਼ਰ ਲੋਕ ਰੋਹ ਜਾਗਿਆ। ਐਕਸ਼ਨ ਕਮੇਟੀ ਦੇ ਨਾਲ ਲੋਕਾਈ ਹੋ ਤੁਰੀ ਤਾਂ ਜਾ ਕੇ ਲੰਮੇ ਸਮੇਂ ਬਾਅਦ ਦੋਸ਼ੀਆਂ ਨੂੰ ਸਜ਼ਾਵਾਂ ਹੋਈਆਂ ਸਨ, ਪਰ ਉੱਚੀ ਰਾਜਨੀਤਕ ਪਹੁੰਚ ਕਾਰਨ ਐਕਸ਼ਨ ਕਮੇਟੀ ਦੇ ਆਗੂਆਂ ਨੂੰ ਝੂਠੇ ਮਾਮਲਿਆਂ ਵਿੱਚ ਫ਼ਸਾਇਆ ਗਿਆ ਸੀ, ਇਸ ਕੇਸ ਵਿੱਚ ਲੋਕ ਆਗੂ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਵਾਉਣ ਲਈ ਲੋਕ ਰੋਹ ਸੰਘਰਸ਼ ਦੇ ਰਾਹ 'ਤੇ ਸੀ, ਸੰਨ 2019 ਵਿੱਚ ਕਿਤੇ ਜਾ ਕੇ ਉਸ ਦੀ ਸਜ਼ਾ ਰੱਦ ਹੋਈ ਸੀ।

ਆਜ਼ਾਦੀ ਦਿਵਸ ਤੋਂ ਦੋ ਦਿਨ ਪਹਿਲਾਂ 13 ਅਗਸਤ 2020 ਨੂੰ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਦੇ ਇੱਕ ਪਿੰਡ ਵਿੱਚ ਤੇਰਾਂ ਸਾਲ ਦੀ ਲੜਕੀ ਨਾਲ ਸਮੂਹਿਕ ਬਲਾਤਕਾਰ ਕਰਨ ਤੋਂ ਬਾਅਦ ਬੇਰਹਿਮੀ ਨਾਲ ਮਾਰ ਦਿੱਤਾ ਸੀ। ਇਸ ਘਟਨਾ ਦੀ ਸਿਆਹੀ ਅਜੇ ਸੁੱਕੀ ਹੀ ਨਹੀਂ ਸੀ ਕਿ ਬੀਤੀ 14 ਸਤੰਬਰ 2020 ਨੂੰ ਉੱਤਰ ਪ੍ਰਦੇਸ਼ ਦੇ ਹੀ ਹਾਥਰਸ ਜ਼ਿਲ੍ਹੇ ਵਿੱਚ 19 ਸਾਲਾਂ ਦੀ ਦਲਿਤ ਲੜਕੀ ਨਾਲ ਉਸੇ ਪਿੰਡ ਦੇ ਅਖੌਤੀ ਉੱਚ ਜਾਤੀ ਦੇ ਚਾਰ ਲੋਕਾਂ ਵੱਲੋਂ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਉਸ ਤੋਂ ਬਾਅਦ ਬੇਰਹਿਮੀ ਨਾਲ ਉਕਤ ਲੜਕੀ ਦੀ ਜ਼ੁਬਾਨ ਕੱਟ ਦਿੱਤੀ ਗਈ ਸੀ, ਰੀੜ੍ਹ ਦੀ ਹੱਡੀ ਤੋੜੀ ਗਈ ਤੇ ਹਮੇਸ਼ਾ ਰਾਮਰਾਜ ਦਾ ਨਾਅਰਾ ਦੇਣ ਵਾਲੇ ਯੋਗੀ ਅਦਿੱਤਿਆਨਾਥ ਦੇ ਇਸ਼ਾਰੇ 'ਤੇ ਇੱਕ ਰਾਤ ਨੂੰ ਉਸ ਦਾ ਜਬਰੀ ਸਸਕਾਰ ਤੱਕ ਕਰ ਦਿੱਤਾ ਗਿਆ ਤਾਂ ਜੋ ਇਸ ਸ਼ਰਮਨਾਕ ਕਾਰੇ ਦੀ ਕੌੜੀ ਸੱਚਾਈ ਵੀ ਸੁਆਹ ਕੀਤੀ ਜਾ ਸਕੇ। 20 ਜਨਵਰੀ 2020 ਫਿਰੋਜ਼ਪੁਰ ਜ਼ਿਲ੍ਹੇ ਦੀ ਜ਼ੀਰਾ ਤਹਿਸੀਲ ਦੇ ਇੱਕ ਪਿੰਡ ਵਿੱਚ ਇੱਕ ਆਟੋ ਰਿਕਸ਼ਾ ਚਾਲਕ ਨੇ ਕਰਿਆਨੇ ਦੀ ਦੁਕਾਨ 'ਤੇ ਸਾਮਾਨ ਲੈਣ ਗਈ ਨੌਂ ਸਾਲ ਦੀ ਬੱਚੀ ਨੂੰ ਫ਼ੁਸਲਾ ਕੇ ਆਟੋ ਰਿਕਸ਼ਾ ਵਿੱਚ ਬਿਠਾ ਕੇ ਆਬਾਦੀ ਤੋਂ ਦੂਰ ਲਿਜਾ ਕੇ ਇੱਕ ਸੁੰਨਸਾਨ ਜਗ੍ਹਾ 'ਤੇ ਬਲਾਤਕਾਰ ਕੀਤਾ ਸੀ। ਇਸ ਦਾ ਪਤਾ ਲੱਗਣ 'ਤੇ ਪਿੰਡ ਦੇ ਲੋਕਾਂ ਨੂੰ ਆਪਣੇ ਵੱਲ ਆਉਂਦਾ ਦੇਖ ਕੇ ਉਹ ਮੌਕੇ ਤੋਂ ਫ਼ਰਾਰ ਹੋ ਗਿਆ ਸੀ। ਬੱਚੀ ਦੇ ਪਿਤਾ ਨੇ ਦੁਖੀ ਹੋ ਕੇ ਕਿਹਾ ਸੀ ਜੇਕਰ ਪ੍ਰਸ਼ਾਸਨ ਨੇ ਉਸ ਦਰਿੰਦੇ ਨੂੰ ਫਾਂਸੀ ਦੇ ਤਖ਼ਤੇ ਤੱਕ ਨਾ ਪਹੁੰਚਾਇਆ ਤਾਂ ਉਹ ਦੋਸ਼ੀ ਦੀ ਖ਼ੁਦ ਭਾਲ ਕਰਕੇ ਉਸ ਨੂੰ ਸਾਰੇ ਪਿੰਡ ਦੇ ਸਾਹਮਣੇ ਜ਼ਿੰਦਾ ਜਲਾ ਦੇਵੇਗਾ। ਮਈ 2019 ਵਿੱਚ ਸਾਡੇ ਸੂਬੇ ਦੇ ਧੂਰੀ ਸ਼ਹਿਰ ਦੇ ਇੱਕ ਨਿੱਜੀ ਸਕੂਲ਼ ਦੇ ਬੱਸ ਕੰਡਕਟਰ ਨੇ ਚਾਰ ਸਾਲਾ ਬੱਚੀ ਨਾਲ ਬਲਾਤਕਾਰ ਕੀਤਾ ਸੀ, ਇਹ ਵੀ ਉਸ ਸਮੇਂ ਜਦੋਂ ਮਾਪੇ-ਅਧਿਆਪਕ ਮਿਲਣੀ ਚੱਲ ਰਹੀ ਸੀ। ਉਸ ਦੀ ਇਸ ਹਰਕਤ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ ਸੀ, ਜਿਸ ਕਾਰਨ ਮਾਪਿਆਂ 'ਚ ਰੋਸ ਵਧਣਾ ਲਾਜ਼ਮੀ ਸੀ, ਬਲਕਿ ਹਰ ਸੰਵੇਦਨਸ਼ੀਲ ਮਨੁੱਖ ਅਜਿਹੀਆਂ ਘਟਨਾਵਾਂ ਤੋਂ ਦੁਖੀ ਹੁੰਦਾ ਹੈ। ਇਸ ਘਟਨਾ ਤੋਂ ਕੁਝ ਦਿਨ ਬਾਅਦ ਹੀ 13 ਮਈ 2019 ਨੂੰ ਪੰਚਕੂਲਾ 'ਚ ਪਰਵਾਸੀ ਮਜ਼ਦੂਰ ਦੀ ਪੰਜ ਸਾਲ ਦੀ ਬੱਚੀ ਨਾਲ ਗੁਆਂਢ 'ਚ ਰਹਿੰਦੇ ਅੱਧਖੜ ਉਮਰ ਦੇ ਵਿਅਕਤੀ ਨੇ ਜਬਰ-ਜ਼ਨਾਹ ਕੀਤਾ ਸੀ ਤੇ ਬਾਅਦ ਵਿੱਚ ਬੱਚੀ ਦੇ ਸਿਰ ਵਿੱਚ ਪੱਥਰ ਮਾਰ ਕੇ ਲਾਸ਼ ਨੂੰ ਝਾੜੀਆਂ 'ਚ ਸੁੱਟ ਦਿੱਤਾ ਸੀ। ਉਹ ਦਰਿੰਦਾ ਬੱਚੀ ਨੂੰ ਆਪਣੇ ਘਰ ਪੂਜਾ ਕਰਨ ਦੇ ਬਹਾਨੇ ਲੈ ਗਿਆ ਸੀ। ਸਾਲ 2018 ਜੰਮੂ 'ਚ ਕੁਝ ਰਸੂਖ਼ਦਾਰ ਲੋਕਾਂ ਨੇ ਨੌਂ ਦਿਨਾਂ ਤੱਕ ਅੱਠ ਸਾਲਾ ਬੱਚੀ ਆਸਿਫ਼ਾ ਦਾ ਜਿਸਮ ਇੱਕ ਧਾਰਮਿਕ ਸਥਾਨ ਵਿੱਚ ਨੋਚਿਆ ਸੀ, ਜਿਸ ਨੇ ਧਰਮ ਦੀ ਆੜ 'ਚ ਚੱਲ ਰਹੇ ਗੋਰਖ਼ਧੰਦੇ ਦਾ ਪਰਦਾਫਾਸ਼ ਕੀਤਾ ਸੀ।

ਯੂਨੀਸੈੱਫ ਦੀ ਤਾਜ਼ਾ ਰਿਪੋਰਟ ਅਨੁਸਾਰ ਭਾਰਤ ਵਿੱਚ 43 ਫ਼ੀਸਦੀ ਲੜਕੀਆਂ 19 ਸਾਲ ਦੀ ਉਮਰ ਤੋਂ ਪਹਿਲਾਂ ਹੀ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋ ਜਾਂਦੀਆਂ ਹਨ। 20 ਸਾਲ ਦੀ ਉਮਰ ਦੀਆਂ 10 ਲੜਕੀਆਂ 'ਚੋਂ ਇੱਕ ਨੂੰ ਜਿਸਮ ਨੁਚਵਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਦੇਸ਼ ਦੀ ਰਾਜਧਾਨੀ ਦਿੱਲੀ, ਬੱਚਿਆਂ ਦੇ ਬੰਧੂਆ ਜਾਂ ਦੇਹ ਵਪਾਰ ਵਿੱਚ ਦੇਸ਼ ਵਿੱਚ ਪਹਿਲੇ ਸਥਾਨ 'ਤੇ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ ਸੰਨ 2014 ਵਿੱਚ ਬੱਚਿਆਂ ਪ੍ਰਤੀ 90 ਹਜ਼ਾਰ ਜੁਰਮਾਂ ਦੇ ਕੇਸ ਰਿਕਾਰਡ ਹੋਏ ਸਨ, ਜਿਨ੍ਹਾਂ 'ਚੋਂ 37 ਹਜ਼ਾਰ ਅਗਵਾ ਅਤੇ 14 ਹਜ਼ਾਰ ਜਬਰ-ਜ਼ਨਾਹ ਦੇ ਕੇਸ ਸਨ ਅਤੇ ਬੱਚਿਆਂ 'ਤੇ ਹੁੰਦੇ ਜ਼ੁਲਮਾਂ 'ਚ ਪਿਛਲੇ ਸਾਲ ਦੇ ਮੁਕਾਬਲੇ 50 ਫ਼ੀਸਦੀ ਵਾਧਾ ਹੋਇਆ ਹੈ।

ਅਜੋਕੇ ਅਗਾਂਹਵਧੂ ਯੁੱਗ ਅੰਦਰ ਔਰਤਾਂ ਦੀ ਸੁਰੱਖਿਆ ਅੱਜ ਵੀ ਸ਼ੱਕ ਦੇ ਘੇਰੇ ਹੇਠ ਹੈ, ਜਿਸ ਦੀ ਸ਼ੁਰੂਆਤ ਉਸ ਦੇ ਜਨਮ ਤੋਂ ਪਹਿਲਾਂ ਹੀ ਹੋ ਜਾਂਦੀ ਹੈ ਤੇ ਪੂਰੀ ਉਮਰ ਅਸੁਰੱਖਿਅਤਾ ਦੇ ਆਲਮ 'ਚ ਗੁਜ਼ਰਦੀ ਹੈ। ਜਨਮ ਤੋਂ ਬਾਅਦ ਜਵਾਨੀ 'ਚ ਪੈਰ ਧਰਦੇ ਹੀ ਸਮਾਜ ਦੇ ਖ਼ੁਦਗਰਜ਼ ਲੋਕਾਂ ਦੀਆਂ ਗੰਦੀਆਂ ਨਜ਼ਰਾਂ ਅਤੇ ਹਰਕਤਾਂ ਦੀ ਸ਼ਿਕਾਰ ਹੁੰਦੀ ਹੈ, ਜੋ ਔਰਤ ਨੂੰ ਸਰੀਰਕ, ਮਾਨਸਿਕ ਰੂਪ 'ਚ ਜ਼ਖਮੀ ਕਰਦੀਆਂ ਹਨ। ਮਜ਼ਦੂਰੀ ਕਰਦੀਆਂ ਬਲਕਿ ਹਰ ਜਗ੍ਹਾ, ਹਰ ਵਿਭਾਗ 'ਚ ਔਰਤਾਂ ਨਾਲ ਸਹਿਕਰਮੀ ਜਾਂ ਉੱਚ ਅਧਿਕਾਰੀ ਛੇੜਛਾੜ ਕਰਦੇ ਹਨ ਅਤੇ ਬਹੁਤ ਵਾਰ ਉਹ ਉਨ੍ਹਾਂ ਦੀ ਹਵਸ ਦਾ ਸ਼ਿਕਾਰ ਵੀ ਬਣਦੀਆਂ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਤਾਜ਼ਾ ਅੰਕੜੇ ਚੌਂਕਾਉਣ ਵਾਲੇ ਹਨ ਕਿ ਬਲਾਤਕਾਰ ਦੇ 94 ਫ਼ੀਸਦੀ ਦਰਜ ਮਾਮਲਿਆਂ ਵਿੱਚ ਦੋਸ਼ੀ ਪੀੜਤਾ ਦੇ ਕਰੀਬੀ ਸਨ, ਜਿਸ ਵਿੱਚ ਦਾਦਾ, ਭਰਾ ਜਾਂ ਪੁੱਤਰ ਤੱਕ ਵੀ ਸ਼ਾਮਲ ਸਨ। ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ ਦੇਸ਼ ਅੰਦਰ ਸੰਨ 2010 ਤੋਂ ਬਾਅਦ ਬਲਾਤਕਾਰ ਮਾਮਲਿਆਂ 'ਚ 7.5 ਫ਼ੀਸਦੀ ਵਾਧਾ ਹੋਇਆ ਹੈ। ਜਬਰ-ਜ਼ਨਾਹ ਦੀਆਂ ਸ਼ਿਕਾਰ ਜ਼ਿਆਦਾਤਰ ਔਰਤਾਂ ਜਿਨ੍ਹਾਂ ਦੀ ਉਮਰ 18 ਤੋਂ 30 ਸਾਲ ਹੈ, ਹਰ ਤੀਸਰੀ ਪੀੜਤਾ ਦੀ ਉਮਰ 18 ਸਾਲ ਤੋਂ ਘੱਟ ਹੈ। ਰਿਪੋਰਟ ਅਨੁਸਾਰ ਪੂਰੇ ਦੇਸ਼ ਵਿੱਚ ਬਲਾਤਕਾਰ ਦੇ 36859 ਮਾਮਲਿਆਂ ਵਿੱਚ ਬੱਚੀਆਂ ਜਾਂ ਔਰਤਾਂ ਦੇ ਜਿਸਮਾਨੀ ਸ਼ੋਸ਼ਣ ਵਿੱਚ ਮੁਲਜ਼ਮ ਜਾਣਕਾਰ ਪਾਏ ਗਏ ਹਨ। ਪਿਛਲੇ ਦੋ ਦਹਾਕਿਆਂ ਦੌਰਾਨ ਬਲਾਤਕਾਰ ਦੇ ਕੇਸਾਂ ਵਿੱਚ 30 ਫ਼ੀਸਦੀ ਵਾਧਾ ਹੋਇਆ ਹੈ। ਦੇਸ਼ ਵਿੱਚ ਹਰ ਰੋਜ਼ ਔਸਤਨ 92 ਬਲਾਤਕਾਰ ਦੇ ਕੇਸ ਦਰਜ ਹੁੰਦੇ ਹਨ, ਜਦਕਿ ਦਿੱਲੀ 'ਚ ਰੋਜ਼ਾਨਾ 4 ਜਬਰ-ਜ਼ਨਾਹ ਦੇ ਕੇਸ ਦਰਜ ਹੁੰਦੇ ਹਨ। ਦੁਨੀਆਂ ਦੇ ਦਸ ਦੇਸ਼ ਜਿੱਥੇ ਜਬਰ-ਜ਼ਨਾਹ ਜ਼ਿਆਦਾ ਹੁੰਦੇ ਹਨ, ਭਾਰਤ ਦਾ ਉਸ ਵਿੱਚ ਤੀਜਾ ਸਥਾਨ ਹੈ। ਸਾਲ 2012-2018 ਤੱਕ 12125 ਬੱਚੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵਾਪਰੀਆਂ ਸਨ। ਇਸ ਦਾ ਭਾਵ ਇਹ ਹੋਇਆ ਕਿ ਪ੍ਰਤੀ ਦਿਨ ਪੰਜ ਬੱਚੀਆਂ ਨੂੰ ਦਰਿੰਦਿਆਂ ਦੀ ਦਰਿੰਦਗੀ ਦਾ ਸ਼ਿਕਾਰ ਹੋਣਾ ਪਿਆ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਹੀ ਅੰਕੜਿਆਂ ਅਨੁਸਾਰ ਸੰਨ 2018 ਦੇ ਆਖ਼ਰ ਤੱਕ ਮੁਲਕ ਦੀਆਂ ਅਦਾਲਤਾਂ 'ਚ ਬਲਾਤਕਾਰ ਜਿਹੇ ਘਿਨੌਣੇ ਅਪਰਾਧ ਦੇ 1 ਲੱਖ 38 ਹਜ਼ਾਰ ਕੇਸ ਫੈਸਲੇ ਦੀ ਉਡੀਕ ਵਿੱਚ ਲਟਕ ਰਹੇ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ 'ਚੋਂ ਸਿਰਫ 17 ਹਜ਼ਾਰ 313 ਕੇਸਾਂ ਦੀ ਹੀ ਸੁਣਵਾਈ ਸ਼ੁਰੂ ਹੋ ਸਕੀ ਅਤੇ ਮਾਤਰ 4708 ਮਾਮਲਿਆਂ ਵਿੱਚ ਦੋਸ਼ੀਆਂ ਨੂੰ ਸਜ਼ਾ ਸੁਣਾਈ ਗਈ।

ਬਚਪਨ ਬਚਾਓ ਅੰਦੋਲਨ ਸੰਸਥਾ ਅਨੁਸਾਰ 50 ਫ਼ੀਸਦੀ ਗੁੰਮ ਬੱਚਿਆਂ ਦੀ ਰਿਪੋਰਟ ਹੀ ਕੌਮੀ ਅਪਰਾਧ ਰਿਕਾਰਡ ਬਿਊਰੋ ਕੋਲ ਪੁੱਜੀ ਹੈ। ਇੱਕ ਗੈਰ ਸਰਕਾਰੀ ਸੰਸਥਾ ਦੇ ਅਨੁਮਾਨ ਅਨੁਸਾਰ ਦੇਸ਼ ਅੰਦਰ ਵੱਖ-ਵੱਖ ਥਾਵਾਂ 'ਤੇ ਹਰ ਰੋਜ਼ 271 ਬੱਚੇ ਲਾਵਾਰਸ ਛੱਡੇ ਜਾਂਦੇ ਹਨ, ਜਿਸ ਵਿੱਚੋਂ 90 ਫ਼ੀਸਦੀ ਕੁੜੀਆਂ ਹੁੰਦੀਆਂ ਹਨ। ਲਾਵਾਰਸ ਥਾਵਾਂ ਤੋਂ ਚੁੱਕ ਕੇ ਇਨ੍ਹਾਂ ਨੂੰ ਅਨਾਥ ਆਸ਼ਰਮਾਂ 'ਚ ਪਹੁੰਚਾ ਦਿੱਤਾ ਜਾਂਦਾ ਹੈ। ਇਹ ਬੱਚੇ ਜ਼ਿਆਦਾਤਰ ਅਨਾਥ ਆਸ਼ਰਮਾਂ 'ਚ ਨਰਕਮਈ ਜ਼ਿੰਦਗੀ ਜਿਉਂਦੇ ਹਨ। ਉੱਥੇ ਤਾਇਨਾਤ ਵਾਰਡਨ ਜਾਂ ਹੋਰ ਅਮਲਾ ਇਨ੍ਹਾਂ ਨਾਲ ਜਾਨਵਰਾਂ ਵਰਗਾ ਸਲੂਕ ਕਰਦਾ ਹੈ। ਛੋਟੀਅ-ਛੋਟੀਆਂ ਬੱਚੀਆਂ ਦਾ ਜਿਸਮਾਨੀ ਸ਼ੋਸ਼ਣ ਤੱਕ ਕੀਤਾ ਜਾਂਦਾ ਹੈ। ਮੀਡੀਆ ਨੇ ਅਜਿਹੇ ਅਣਗਿਣਤ ਕੇਸਾਂ ਦਾ ਖੁਲਾਸਾ ਕੀਤਾ ਹੈ।

ਇਸ ਵਰਤਾਰੇ ਦੇ ਕਾਰਨ ਬਹੁਤ ਜ਼ਿਆਦਾ ਹਨ, ਜਿਸ 'ਚ ਮੁੱਖ ਤੌਰ 'ਤੇ ਨਸ਼ੇ, ਬੇਰੁਜ਼ਗਾਰੀ, ਮਾਪਿਆਂ ਦੀ ਅਣਗਹਿਲੀ, ਇੰਟਰਨੈੱਟ ਦੀ ਦੁਰਵਰਤੋਂ ਅਤੇ ਕਈ ਸਮਾਜਿਕ ਕਾਰਨ ਹਨ, ਜੋ ਲੋਕਾਂ ਨੂੰ ਖਾਸ ਕਰਕੇ ਨੌਜਵਾਨਾਂ ਨੂੰ ਘਿਨੌਣੇ ਕੰਮ ਲਈ ਪ੍ਰੇਰਦੇ ਹਨ। ਮਨੋਰੰਜਨ ਇੰਡਸਟਰੀ ਨੇ ਨੈਤਿਕ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ। ਅਜੋਕਾ ਸਿਨੇਮਾ ਆਪਣੀ ਜ਼ਿੰਮੇਵਾਰੀ ਭੁੱਲ ਚੁੱਕਾ ਹੈ ਤੇ ਮੁਨਾਫੇ ਲਈ ਅਸ਼ਲੀਲਤਾ ਪਰੋਸ ਰਿਹਾ ਹੈ। ਸੈਂਸਰ ਬੋਰਡ ਦੇ ਲੋਕ ਸੁੱਤੇ ਹੋਏ ਹਨ ਜਾਂ ਫਿਰ ਚੰਦ ਨੋਟਾਂ ਦੀ ਖਾਤਿਰ ਵਿਕੇ ਹੋਏ ਹਨ। ਟੀ ਵੀ ਸੀਰੀਅਲਾਂ ਤੇ ਇਸ਼ਤਿਹਾਰਾਂ ਵਿੱਚ ਵੀ ਅਸ਼ਲੀਲਤਾ ਦੀ ਭਰਮਾਰ ਹੈ। ਇਸ ਲਈ ਲੋਕ ਵੀ ਬਰਾਬਰ ਦੇ ਜ਼ਿੰਮੇਵਾਰ ਹਨ, ਜੋ ਅਜਿਹੇ ਮਨੋਰੰਜਨ ਨੂੰ ਕਬੂਲਦੇ ਹਨ। ਜਬਰ-ਜ਼ਨਾਹ ਦੇ ਬਹੁਤੇ ਕੇਸ ਪਿਛਲੇ ਵੀਹ ਸਾਲਾਂ ਤੋਂ ਲਟਕੇ ਹੋਏ ਹਨ ਅਤੇ ਕਾਨੂੰਨ ਨਾਲ ਸੰਬੰਧਤ ਲੋਕ ਅਜੇ ਵੀ ਕਾਨੂੰਨ ਦੀਆਂ ਬਾਰੀਕੀਆਂ ਦਾ ਲਾਹਾ ਦੋਸ਼ੀਆਂ ਨੂੰ ਦਿਵਾ ਰਹੇ ਹਨ। ਜਬਰ-ਜ਼ਨਾਹ ਦੇ ਕੇਸਾਂ 'ਚ ਕਾਨੂੰਨ ਸਖ਼ਤ ਕੀਤਾ ਗਿਆ ਹੈ, ਪਰ ਜਦ ਤੱਕ ਲੋਕਾਂ ਦੀ ਮਾਨਸਿਕਤਾ ਨਹੀਂ ਬਦਲਦੀ, ਉਦੋਂ ਤੱਕ ਕਾਨੂੰਨ ਦੀ ਸਖਤੀ ਸਾਰਥਿਕ ਸਿੱਧ ਨਹੀਂ ਹੋ ਸਕਦੀ।

ਇਸ ਮੰਦਭਾਗੇ ਵਰਤਾਰੇ ਨੇ ਸਮਾਜ 'ਚ ਬੜੀ ਉਥਲ-ਪੁਥਲ ਮਚਾ ਰੱਖੀ ਹੈ। ਜਦ ਤੱਕ ਅਸੀਂ ਇਸ ਖਿਲਾਫ਼ ਲਾਮਬੰਦ ਨਹੀਂ ਹੁੰਦੇ, ਤਦ ਤੱਕ ਇਸ ਦਾ ਰੁਕਣਾ ਅਸੰਭਵ ਹੈ। ਸਾਰੇ ਲੋਕ ਇਹ ਜ਼ਰੂਰ ਸੋਚਣ ਕਿ ਇਹ ਮੰਦਭਾਗਾ ਵਰਤਾਰਾ ਕਦੇ ਵੀ ਸਾਡੇ ਬੱਚਿਆਂ ਨਾਲ ਵੀ ਵਾਪਰ ਸਕਦਾ ਹੈ। ਇਹ ਵੀ ਸਾਡਾ ਫਰਜ਼ ਹੈ ਕਿ ਅਸੀਂ ਇਹ ਧਿਆਨ ਰੱਖੀਏ ਬੱਚਿਆਂ ਲਈ ਬਣੀਆਂ ਸਮਾਜਿਕ ਸੰਸਥਾਵਾਂ ਹੀ ਕਿਤੇ ਉਨ੍ਹਾਂ ਨਾਲ ਵਧੀਕੀਆਂ ਤਾਂ ਨਹੀਂ ਕਰ ਰਹੀਆਂ। ਅਜੋਕੇ ਸਮੇਂ ਅੰਦਰ ਸਮਾਜ ਅਤੇ ਸਰਕਾਰਾਂ ਨੂੰ ਅਜਿਹੇ ਪ੍ਰਬੰਧ ਕਰਨ ਦੀ ਲੋੜ ਹੈ ਤਾਂ ਜੋ ਕਿਸੇ ਦੀ ਆਬਰੂ ਤਾਰ-ਤਾਰ ਨਾ ਹੋਵੇ। ਬਹੁਤੇ ਦੇਸ਼ਾਂ 'ਚ ਸਜ਼ਾ ਦੇ ਤੌਰ 'ਤੇ ਦੋਸ਼ੀਆਂ ਨੂੰ ਮੌਤ ਦੇ ਘਾਟ ਉਤਾਰਿਆ ਜਾਂਦਾ ਹੈ। ਕਈ ਦੇਸ਼ਾਂ ਵਿੱਚ ਕੈਮੀਕਲ ਤੇ ਸਰਜੀਕਲ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਸਜ਼ਾ ਦੇ ਨਾਲ ਨੈਤਿਕ ਸਿੱਖਿਆ ਨੂੰ ਵੀ ਸਿੱਖਿਆ ਪ੍ਰਣਾਲੀ 'ਚ ਸ਼ਾਮਲ ਕੀਤਾ ਜਾਵੇ ਅਤੇ ਇਸ ਦੀ ਜਗ੍ਹਾ ਲੋਕਾਂ ਦੇ ਦਿਲ-ਦਿਮਾਗ 'ਚ ਬਣਾਈ ਜਾਵੇ। ਸਾਨੂੰ ਆਪਣੇ ਪੁਰਖ਼ਿਆਂ ਦੀ ਉਹ ਰੀਤ ਕਾਇਮ ਕਰਨੀ ਹੋਵੇਗੀ, ਜੋ ਉਹ ਅਹਿਮਦ ਸ਼ਾਹ ਅਬਦਾਲੀ ਅੱਗੇ ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਦੀ ਰਾਖੀ ਲਈ ਅੜ ਸਕਦੇ ਸਨ ਤਾਂ ਸਾਨੂੰ ਵੀ ਉਹ ਕਦਮ ਜ਼ਰੂਰ ਚੁੱਕਣਾ ਚਾਹੀਦਾ ਹੈ।

# ਸੰਪਰਕ : 95173-96001

# ਬੇਰੁਜ਼ਗਾਰੀ ਦਾ ਆਲਮ; ਕਿੱਥੇ ਨੇ ਕਰੋੜਾਂ ਨੌਕਰੀਆਂ ?

ਗੁਰਪ੍ਰੀਤ

2014 ਵਿੱਚ ਜਦੋਂ ਭਾਜਪਾ ਸਰਕਾਰ ਨੇ ਕੇਂਦਰੀ ਸੱਤਾ ਵਿੱਚ ਆਉਣਾ ਸੀ ਤਾਂ ਠੀਕ ਚੋਣਾਂ ਤੋਂ ਚੰਦ ਕੁ ਮਹੀਨੇ ਪਹਿਲਾਂ ਦੇਸ਼ ਵਾਸੀਆਂ ਦੇ ਨਾਲ ਅਨੇਕਾਂ ਪ੍ਰਕਾਰ ਦੇ ਵਾਅਦੇ ਕੀਤੇ ਗਏ। ਪ੍ਰਤੀ ਸਾਲ ਦੋ ਕਰੋੜ ਨੌਕਰੀਆਂ, ਕਾਲਾ ਧਨ ਵਾਪਸ ਲਿਆਉਣ ਦਾ ਵਾਅਦਾ ਅਤੇ ਸਭ ਤੋਂ ਵੱਡਾ ਵਾਅਦਾ ਤਾਂ ਗ਼ਰੀਬ ਤਬਕੇ ਦੇ ਨਾਲ ਕਾਲਾ ਧਨ ਵਾਪਸ ਆਉਣ ਤੋਂ ਬਾਅਦ 15-15 ਲੱਖ ਉਹਨਾਂ ਦੇ ਖ਼ਾਤਿਆਂ ਵਿੱਚ ਪਾਉਣ ਦਾ ਕੀਤਾ ਗਿਆ। ਇਹ ਵਾਅਦੇ 2014 ਤੋਂ ਲੈ ਕੇ ਹੁਣ ਤੱਕ ਇਉਂ ਹੀ ਚਲੇ ਆ ਰਹੇ ਹਨ। ਜਿਹੜਾ ਵੀ ਸਰਕਾਰ ਕੋਲੋਂ ਇਨ੍ਹਾਂ ਵਾਅਦਿਆਂ ਬਾਰੇ ਪੁੱਛਦਾ ਹੈ, ਉਹਨੂੰ ਸਰਕਾਰ ਦੇ ਫ਼ੀਲੇ ਦੇਸ਼ ਵਿਰੋਧੀ ਕਰਾਰ ਕਰਕੇ ਜੇਲ੍ਹਾਂ ਵਿੱਚ ਸੁਟਵਾ ਦਿੰਦੇ ਹਨ।

ਖ਼ੈਰ, ਕੇਂਦਰ ਦੀ ਸੱਤਾ ਜਦੋਂ ਭਾਜਪਾ ਸਰਕਾਰ ਨੇ ਸੰਭਾਲਣੀ ਸੀ ਤਾਂ ਉਸ ਵੇਲੇ ਜਿਹੜਾ ਵਾਅਦਾ ਪ੍ਰਤੀ ਸਾਲ 2 ਕਰੋੜ ਨੌਕਰੀਆਂ ਦੇਣ ਦਾ ਕੀਤਾ ਗਿਆ ਸੀ, ਉਹ ਵਾਅਦਾ ਹੁਣ ਤੱਕ ਪੂਰਾ ਨਹੀਂ ਹੋ ਸਕਿਆ। ਪਿਛਲੇ ਅੱਠ ਸਾਲਾਂ ਦੀ ਜੇਕਰ ਗੱਲ ਕਰੀਏ ਤਾਂ ਅੰਕੜਿਆਂ ਦੇ ਮੁਤਾਬਿਕ ਪਿਛਲੇ 8 ਸਾਲਾਂ ਵਿੱਚ 22 ਕਰੋੜ 6 ਲੱਖ ਨੌਜਵਾਨਾਂ ਨੇ ਕੇਂਦਰੀ ਵਿਭਾਗਾਂ ਵਿੱਚ ਨੌਕਰੀਆਂ ਲਈ ਅਪਲਾਈ ਕੀਤਾ, ਜਿਨ੍ਹਾਂ ਵਿੱਚੋਂ ਸਿਰਫ 7 ਲੱਖ ਨੌਜਵਾਨਾਂ ਨੂੰ ਹੀ ਰੁਜ਼ਗਾਰ ਮਿਲਿਆ ਹੈ। ਇਹ ਅੰਕੜਾ ਪੜ੍ਹ ਕੇ ਹਰ ਕੋਈ ਹੈਰਾਨ ਹੋਵੇਗਾ ਕਿ ਨੌਕਰੀ ਲਈ ਅਪਲਾਈ ਕਰਨ ਵਾਲੇ 22 ਕਰੋੜ 6 ਲੱਖ ਨੌਜਵਾਨ ਅਤੇ ਨੌਕਰੀਆਂ ਸਿਰਫ਼ 7 ਲੱਖ ਨੌਜਵਾਨਾਂ ਨੂੰ ਹੀ ਮਿਲੀਆਂ।

ਸਰਕਾਰੀ ਨੌਕਰੀਆਂ ਲਈ ਫਾਰਮ ਅਪਲਾਈ ਕਰਨ ਵਾਸਤੇ ਲਗਦੀ ਫ਼ੀਸ ਦਾ ਅੰਕੜਾ ਹਾਲੇ ਤੱਕ ਸਾਹਮਣੇ ਨਹੀਂ ਆ ਸਕਿਆ ਕਿ ਕਿੰਨੇ ਕਰੋੜ ਰੁਪਏ ਹਕੂਮਤ ਨੇ ਬਿਨਾਂ ਨੌਕਰੀ ਦਿੱਤੇ ਕਮਾਏ ਹੋਣਗੇ। ਹੁਣ ਤੱਕ ਦੀਆਂ ਸਭ ਜਾਣਕਾਰੀਆਂ ਸਰਕਾਰੀ ਅੰਕੜੇ ਜਾਣ ਕੇ ਫੇਲ੍ਹ ਹੋ ਜਾਣਗੀਆਂ ਕਿ ਐਨੇ ਲੋਕ ਸਾਡੇ ਦੇਸ਼ ਦੇ ਅੰਦਰ ਬੇਰੁਜ਼ਗਾਰ ਹਨ ? ਕੇਂਦਰ ਸਰਕਾਰ ਨੇ ਸਰਕਾਰੀ ਨੌਕਰੀਆਂ ਨੂੰ ਲੈ ਕੇ ਲੋਕ ਸਭਾ ਵਿੱਚ ਇੱਕ ਅੰਕੜਾ ਪੇਸ਼ ਕੀਤਾ ਹੈ। ਇਸ ਅੰਕੜੇ ਵਿੱਚ ਦੱਸਿਆ ਗਿਆ ਹੈ ਕਿ ਜਦੋਂ ਤੋਂ ਨਰਿੰਦਰ ਮੋਦੀ 2014 ਵਿੱਚ ਸੱਤਾ ਵਿੱਚ ਆਏ ਹਨ, ਉਦੋਂ ਤੋਂ ਹੁਣ ਤੱਕ ਕੁੱਲ 7 ਲੱਖ 22 ਹਜ਼ਾਰ 311 ਬਿਨੈਕਾਰਾਂ ਨੂੰ ਵੱਖ-ਵੱਖ ਵਿਭਾਗਾਂ ਵਿੱਚ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ, ਜਦੋਂ ਕਿ ਇਸ ਸਮੇਂ ਦੌਰਾਨ ਇਨ੍ਹਾਂ ਨੌਕਰੀਆਂ ਲਈ ਬਿਨੈਕਾਰਾਂ ਦੀ ਕੁੱਲ ਗਿਣਤੀ 22 ਕਰੋੜ 6 ਲੱਖ ਹੈ। ਜੇਕਰ ਇਹ ਸਾਰੀ ਜਾਣਕਾਰੀ ਪਾਸੇ ਰੱਖ ਕੇ ਸਿਰਫ਼ ਕੋਰੋਨਾ ਲਾਕਡਾਊਨ ਦੇ ਦੋ ਸਾਲਾਂ ਦੀ ਹੀ ਗੱਲ ਕਰ ਲਈਏ, ਜਦੋਂ ਲੱਖਾਂ ਲੋਕਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਸਨ, ਉਨ੍ਹਾਂ ਸਾਲਾਂ 2020-21 ਵਿੱਚ 78555, ਜਦੋਂਕਿ 2021-22 ਦੌਰਾਨ ਸਿਰਫ਼ 38850 ਲੋਕਾਂ ਨੂੰ ਹੀ ਨੌਕਰੀਆਂ ਪ੍ਰਾਪਤ ਹੋਈਆਂ। ਇਹ ਸਰਕਾਰੀ ਅੰਕੜੇ ਹਨ। ਦੂਜੇ ਪਾਸੇ ਜੇਕਰ ਸਾਲ 2020-21 ਅਤੇ 2021-22 ਦੇ ਦੌਰਾਨ ਨੌਕਰੀਆਂ ਲਈ ਅਪਲਾਈ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ ਕਰ ਲਈ ਜਾਵੇ ਤਾਂ ਸਾਲ 2021-22 ਵਿੱਚ 1 ਕਰੋੜ 80 ਲੱਖ 01469 ਨੌਜਵਾਨਾਂ ਨੇ ਅਪਲਾਈ ਕੀਤਾ, ਜਦੋਂ ਕਿ ਸਾਲ 2021-22 ਦੌਰਾਨ 1 ਕਰੋੜ 86 ਲੱਖ 71121 ਨੌਜਵਾਨਾਂ ਨੇ ਅਪਲਾਈ ਕੀਤਾ ਅਤੇ ਇਨ੍ਹਾਂ ਦੋ ਸਾਲਾਂ ਦੌਰਾਨ ਨੌਕਰੀ ਮਿਲੀ ਸਿਰਫ਼ 1 ਲੱਖ 17 ਹਜ਼ਾਰ 405 ਨੌਜਵਾਨਾਂ ਨੂੰ। ਇਹ ਅੰਕੜੇ ਭਾਜਪਾ ਦੇ ਹੀ ਸਾਂਸਦ ਵਰੁਣ ਗਾਂਧੀ ਦੇ ਵੱਲੋਂ 28 ਜੁਲਾਈ 2022 ਨੂੰ ਟਵੀਟ ਕੀਤੇ ਗਏ ਸਨ। ਵੈਸੇ ਤਾਂ ਸਰਕਾਰ ਦਾ ਬੇਰੁਜ਼ਗਾਰ ਵਿਰੋਧੀ ਚਿਹਰਾ ਉਸ ਵੇਲੇ ਉਜਾਗਰ ਹੋ ਗਿਆ ਸੀ, ਜਦੋਂ ਪ੍ਰਧਾਨ ਮੰਤਰੀ ਨੇ ਪੜ੍ਹੇ-ਲਿਖੇ ਬੇਰੁਜ਼ਗਾਰ ਨੌਕਰੀਆਂ ਮੰਗਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੀ ਝਾਕ ਛੱਡ ਕੇ ਪਕੌੜੇ ਤਲਣ ਲਈ ਕਹਿ ਦਿੱਤਾ ਸੀ। ਉਸ ਵੇਲੇ ਸਰਕਾਰ ਦੀ ਚਾਰੇ ਪਾਸਿਓਂ ਨਿਖੇਧੀ ਹੋਈ ਸੀ। ਦੇਸ਼ ਅੰਦਰ ਲਗਾਤਾਰ ਵਧ ਰਹੀ ਬੇਰੁਜ਼ਗਾਰਾਂ ਦੀ ਗਿਣਤੀ ਜਿੱਥੇ ਚਿੰਤਾ ਦਾ ਵਿਸ਼ਾ ਹੈ, ਉੱਥੇ ਹੀ ਸੱਤਾ ਵਿੱਚ ਬਿਰਾਜਮਾਨ ਹਕੂਮਤ ਲਈ ਇਹ ਬੇਰੁਜ਼ਗਾਰ ਨੌਜਵਾਨ ਸਿਰਦਰਦੀ ਵੀ ਬਣੇ ਹੋਏ ਹਨ।

ਵੈਸੇ ਬੇਰੁਜ਼ਗਾਰਾਂ ਦੇ ਨਾਲ ਕਰੋੜਾਂ ਨੌਕਰੀਆਂ ਦੇਣ ਦਾ ਵਾਅਦਾ ਹਕੂਮਤ ਦਾ ਚੋਣ ਜ਼ੁਮਲਾ ਹੀ ਨਿਕਲਿਆ, ਇਸ ਤੋਂ ਇਲਾਵਾ ਕੁੱਝ ਨਹੀਂ।

# ਸੰਪਰਕ: 95698-20314

# ਭਾਗਵਤ ਨੇ ਕਿਉਂ ਕਿਹਾ ਕਿ ਪੰਡਤਾਂ ਨੇ ਊਚ-ਨੀਚ ਬਣਾਈ



ਡਾ. ਬਲਜਿੰਦਰ ਸਿੰਘ

ਪ੍ਰਮਾਤਮਾ ਨੇ ਬਿਨਾਂ ਕਿਸੇ ਨਾਮ, ਗੁਣਾਂ ਅਤੇ ਮਾਨ-ਇੱਜ਼ਤ ਦੇ ਭੇਦਭਾਵ ਦੇ ਸਾਰੇ ਮਨੁੱਖਾਂ ਨੂੰ ਇੱਕ ਬਰਾਬਰ ਦਾ ਸਿਰਜਿਆ ਹੈ, ਪਰ 'ਪੰਡਤਾਂ ਨੇ ਜਾਤ-ਪਾਤ (ਊਚ-ਨੀਚ) ਦੀ ਈਜਾਦ ਕੀਤੀ ਅਤੇ ਆਪਣੀ ਇਸ ਧਾਰਨਾ ਨੂੰ ਸਹੀ ਸਾਬਤ ਕਰਨ ਲਈ ਉਹਨਾਂ ਸ਼ਾਸਤਰਾਂ ਦਾ ਸਹਾਰਾ ਲਿਆ, ਜਿਹੜਾ ਕਿ ਨਿਰਾ ਝੂਠ ਹੈ।' ਇਹ ਲਫਜ਼ ਮੁੰਬਈ ਵਿਖੇ ਮਨਾਏ ਜਾ ਰਹੇ ਭਗਤ ਰਵਿਦਾਸ ਪਰਵ 'ਤੇ ਸੰਬੋਧਨ ਕਰਦਿਆਂ ਆਰ ਐੱਸ ਐੱਸ ਦੇ ਮੁਖੀ ਮੋਹਣ ਭਾਗਵਤ ਨੇ 5 ਫਰਵਰੀ ਨੂੰ ਕਹੇ।

ਕਾਂਗਰਸ ਆਗੂ ਅਤੇ ਲੋਕ ਸਭਾ ਮੈਂਬਰ ਦਿਗਵਿਜੈ ਸਿੰਘ ਨੇ ਭਾਗਵਤ ਦੇ ਇਸ ਬਿਆਨ 'ਤੇ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਮੋਹਣ ਭਾਗਵਤ ਨੂੰ ਇਹ ਸਪੱਸ਼ਟ ਕਰਨ ਲਈ ਕਿਹਾ ਕਿ ਸਾਡੇ ਕਿਹੜੇ-ਕਿਹੜੇ ਸ਼ਾਸਤਰ ਗਲਤ ਹਨ, ਇਹ ਦੱਸਿਆ ਜਾਣਾ ਚਾਹੀਦਾ ਹੈ।

ਸਮਾਜਵਾਦੀ ਪਾਰਟੀ ਦੇ ਇੱਕ ਆਗੂ ਨੇ ਵੀ ਕਿਹਾ ਕਿ ਫਿਰ ਜਾਤਪਾਤ ਆਈ ਕਿੱਥੋਂ, ਇਹ ਵੀ ਦੱਸਿਆ ਜਾਣਾ ਚਾਹੀਦਾ ਹੈ ਅਤੇ ਅਜਿਹੇ ਕਿਹੜੇ ਸ਼ਾਸਤਰ ਹਨ, ਜਿਹੜੇ ਅਜਿਹਾ ਉਪਦੇਸ਼ ਦਿੰਦੇ ਹਨ, ਉਹਨਾਂ ਨੂੰ ਕੇਂਦਰੀ ਹਕੂਮਤ ਵੱਲੋਂ ਸੋਧਿਆ ਜਾਣਾ ਚਾਹੀਦਾ ਹੈ।

ਇਸ ਬਿਆਨ ਦੇ ਅਗਲੇ ਦਿਨ ਸੋਮਵਾਰ ਨੂੰ ਹੀ ਆਰ ਐੱਸ ਐੱਸ ਦੇ ਪ੍ਰਚਾਰ ਮੁਖੀ ਸੁਨੀਲ ਅੰਬਾਕਰ ਨੇ ਇਸ ਮਸਲੇ 'ਤੇ ਸਫਾਈ ਦਿੰਦਿਆਂ ਕਿਹਾ ਕਿ ਭਾਗਵਤ ਮਰਾਠੀ ਜ਼ੁਬਾਨ 'ਚ ਸੰਬੋਧਨ ਕਰ ਰਿਹਾ ਸੀ ਅਤੇ ਉਹ ਜੋ ਬੋਲ ਰਿਹਾ ਸੀ, ਉਸ ਨੂੰ ਸਹੀ ਸੰਦਰਭ 'ਚ ਹੀ ਲੈਣਾ ਚਾਹੀਦਾ ਹੈ। ਉਹਨੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਭਾਗਵਤ ਵੱਲੋਂ ਬੋਲੇ ਗਏ ਲਫਜ਼ 'ਪੰਡਤ' ਦਾ ਅਸਲੀ ਅਰਥ ਵਿਦਵਾਨ ਹੁੰਦਾ ਹੈ ਅਤੇ ਉਹ ਇਹ ਕਹਿ ਰਿਹਾ ਸੀ ਕਿ ਹਰੇਕ ਵਿਅਕਤੀ ਨੂੰ ਇੱਕ ਅੱਖ ਨਾਲ ਦੇਖਿਆ ਜਾਣਾ ਚਾਹੀਦਾ ਹੈ। ਹਰ ਇੱਕ ਦੀ ਹੀ ਆਪਣੀ ਆਣ-ਇੱਜ਼ਤ ਹੈ।

ਇਸ ਹਿਸਾਬ ਨਾਲ ਦੇਖਿਆਂ ਇਹ ਲੱਗ ਸਕਦਾ ਹੈ ਕਿ ਭਾਗਵਤ ਤਾਂ ਵਿਗਿਆਨਕ ਸਮਝ ਮੁਤਾਬਕ ਹੀ ਸ਼ਾਸਤਰਾਂ ਬਾਰੇ ਅਤੇ ਸਮਾਜਕ ਊਚ-ਨੀਚ ਬਾਰੇ ਬੋਲ ਰਿਹਾ ਹੈ ਤਾਂ ਉਹਦੇ 'ਚ ਗਲਤ ਤੇ ਮਾੜਾ ਵੀ ਕੀ ਹੈ ? ਅਜਿਹੀ ਸਤਹੀ ਪਹੁੰਚ ਇਹ ਵੀ ਲੱਗਣ ਲਾ ਦੇ ਸਕਦੀ ਹੈ ਕਿ ਆਰ ਐੱਸ ਐੱਸ ਦੀ ਸਮਝ ਬਦਲ ਰਹੀ ਹੈ ਅਤੇ ਉਹ ਊਚ-ਨੀਚ 'ਚ ਯਕੀਨ ਨਹੀਂ ਕਰਦਾ, ਪਰ ਅਜਿਹਾ ਨਹੀਂ ਹੈ, ਕਿਉਂਕਿ ਪ੍ਰਾਚੀਨ ਸਮਾਜ ਅਤੇ ਹੋਰ ਉਪਲਬਧ ਸਾਹਿਤ ਦਾ ਜਦੋਂ ਵਿਗਿਆਨਕ ਨਜ਼ਰੀਏ ਤੋਂ ਅਧਿਐਨ ਕੀਤਾ ਜਾਂਦਾ ਹੈ ਤਾਂ ਗਿਆਤ ਹੁੰਦਾ ਹੈ ਕਿ ਸਮਾਜ ਅੰਦਰ ਜਮਾਤਾਂ ਦੇ ਉਪਜਣ ਤੇ ਇਹਨਾਂ ਦੀ ਹੋਂਦ ਬਣਾਈ ਰੱਖਣ ਅਤੇ ਆਪਣੀ ਲੁੱਟ-ਖਸੁੱਟ ਨੂੰ ਬਰਕਰਾਰ ਰੱਖਣ ਲਈ ਮਨੂੰ ਸਿਮਰਤੀ ਵਰਗੇ ਗ੍ਰੰਥਾਂ ਨੇ ਜਾਤਪਾਤੀ ਵਿਵਸਥਾ ਨੂੰ ਪੱਕਿਆਂ ਕੀਤਾ ਅਤੇ ਇਸ ਤਾਣੇ-ਬਾਣੇ ਨੂੰ ਜ਼ਬਤਬੱਧ ਕਰਨ ਦੇ ਉਪਾਅ ਸੁਝਾਏ। ਮਹਾਂਭਾਰਤ ਅਤੇ ਰਮਾਇਣ ਵਰਗੇ ਗ੍ਰੰਥਾਂ ਨੇ ਵੀ ਦੱਬੀਆਂ-ਕੁੱਚਲੀਆਂ ਜਾਤਾਂ-ਜਮਾਤਾਂ ਨੂੰ ਦਾਬੇ ਵਾਲੀ ਸਥਿਤੀ 'ਚ ਬਣਾਈ ਰੱਖਣ ਲਈ ਆਚਰਣ ਸੁਝਾਏ, ਕਾਰਜਾਂ ਤੇ ਫਰਜ਼ਾਂ ਦੀ ਨਿਸ਼ਾਨਦੇਹੀ ਕੀਤੀ, ਜਿਹੜੀ ਕਿ ਹੁਕਮਰਾਨ ਜਮਾਤਾਂ ਦੇ ਹਿੱਤਾਂ 'ਚ ਜਾਂਦੀ ਹੈ, ਜਿਵੇਂ ਮਨੂੰ ਸਮ੍ਰਿਤੀ 'ਚ ਦੱਸਿਆ ਗਿਆ ਹੈ:

'ਬ੍ਰਾਹਮਣ ਇਸ ਧਰਤੀ 'ਤੇ ਧਰਮ ਨੂੰ ਨਿਭਾਉਣ ਲਈ ਪੈਦਾ ਹੋਇਆ ਹੈ। ਇਸ ਧਰਤੀ 'ਤੇ ਜੋ ਕੁਝ ਵੀ ਹੈ, ਉਹ ਸਭ ਬ੍ਰਾਹਮਣ ਦੀ ਸੰਪਤੀ ਹੈ। ਆਪਣੀ ਸਰਵ-ਉੱਚਤਾ, ਸ੍ਰੇਸ਼ਟਤਾ ਕਰਕੇ ਬ੍ਰਾਹਮਣ ਇਸ ਧਰਤੀ ਦਾ ਮਾਲਕ ਹੈ। ਇਹ ਬ੍ਰਾਹਮਣ ਦੀ ਮਰਜ਼ੀ ਹੈ ਕਿ ਉਹ ਕਿਸੇ ਨੂੰ ਕੁਝ ਦੇਵੇ ਜਾਂ ਨਾ ਦੇਵੇ। ਰਾਜੇ ਨੂੰ ਚਾਹੀਦਾ ਹੈ ਕਿ ਉਹ ਤੜਕੇ ਉੱਠ ਕੇ ਬ੍ਰਾਹਮਣ ਨੂੰ ਪ੍ਰਣਾਮ ਕਰੇ, ਜਿਹੜਾ ਕਿ ਉਸ ਦੇ ਸਾਰੇ ਮੰਤਰੀਆਂ ਤੋਂ ਧਰਮ ਵਿਗਿਆਨ ਤੇ ਹੋਰ ਯੋਜਨਾਵਾਂ ਬਣਾਉਣ 'ਚ ਤਿੰਨ ਗੁਣਾਂ ਵੱਧ ਨਿਪੁੰਨ ਹੈ ਅਤੇ ਉਸ ਦਾ ਸਭ ਤੋਂ ਉੱਤਮ ਸਲਾਹਕਾਰ ਹੈ।'

ਭਾਗਵਤ ਨੇ ਪੰਡਤਾਂ ਤੇ ਮਨੂੰ ਨੂੰ ਦੋਸ਼ੀ ਤਾਂ ਟਿੱਕ ਦਿੱਤਾ, ਪਰ ਉਹ ਉਹਨਾਂ ਧਾਰਮਕ ਗ੍ਰੰਥਾਂ ਬਾਰੇ ਚੁੱਪ ਹੈ ਅਤੇ ਨਾਲ ਹੀ ਉਹ ਮੌਜੂਦਾ ਹਾਲਤਾਂ 'ਚ ਦੱਬੇ-ਕੁੱਚਲੇ ਲੋਕਾਂ ਦੀ ਬਦਹਾਲੀ ਦਾ ਕੋਈ ਵੀ ਇਲਾਜ ਨਹੀਂ ਸੁਝਾਉਂਦਾ। ਇਓਂ ਦੇਖਿਆਂ ਉਸ ਦੇ ਇਹ ਕਥਨ ਪਿੱਛੇ ਸਿਰਫ ਤੇ ਸਿਰਫ ਪੱਛੜੇ ਭਾਈਚਾਰੇ ਦੀਆਂ ਵੋਟਾਂ ਹਨ, ਜਿਹਨਾਂ ਨੂੰ 2024 ਦੀਆਂ ਪਾਰਲੀਮੈਂਟਰੀ ਚੋਣਾਂ ਮੌਕੇ ਆਪਣੇ ਹੱਕ 'ਚ ਭੁਗਤਾਉਣਾ ਹੈ। ਯਾਦ ਰਹੇ ਕਿ ਭਾਰਤ ਅੰਦਰ ਪੱਛੜੇ ਭਾਈਚਾਰਿਆਂ ਦੇ ਮੈਂਬਰਾਂ ਦੀ ਗਿਣਤੀ 80 ਫੀਸਦੀ ਤੋਂ ਵੱਧ ਬਣਦੀ ਹੈ, ਜੋ ਕਿ ਚੁਣਾਵੀ ਸਮੀਕਰਨਾਂ ਦੇ ਹਿਸਾਬ ਨਾਲ ਮਹੱਤਵਪੂਰਨ ਇਨ੍ਹਾਂ ਦੱਬੇ-ਕੁਚਲੇ ਵਰਗਾਂ ਦੀਆਂ ਵੋਟਾਂ ਨੂੰ ਆਪਣੇ ਹੱਕ 'ਚ ਭੁਗਤਾਉਣ ਦੇ ਨਾਲ-ਨਾਲ ਮੋਦੀ ਹਕੂਮਤ ਅਤੇ ਇਸ ਦੀ ਵਿਚਾਰਧਾਰਕ ਸ਼ਕਤੀ ਆਰ ਐੱਸ ਐੱਸ ਦਾ ਜ਼ੋਰ ਇਹਨਾਂ ਵਰਗਾਂ ਨੂੰ ਭਾਜਪਾ ਦੇ ਹੱਕ 'ਚ ਭੁਗਤਾਉਣ ਲਈ ਲੱਗਿਆ ਹੋਇਆ ਹੈ। ਭਾਗਵਤ ਦੇ ਇਸ ਬਿਆਨ ਤੇ ਇਸ ਦੇ ਦਿੱਤੇ ਸਪੱਸ਼ਟੀਕਰਨ ਨੂੰ ਇਸੇ ਹੀ ਸੰਦਰਭ 'ਚ ਦੇਖਿਆ ਜਾਣਾ ਚਾਹੀਦਾ ਹੈ। ਇਹਨਾਂ ਤਬਕਿਆਂ ਨੂੰ ਆਪਣੇ ਫਿਰਕੂ ਹਿੰਦੂਤਵਵਾਦੀ ਅਜੰਡੇ 'ਚ ਫਿੱਟ ਕਰਨਾ ਵੀ ਇਸ ਦਾ ਇੱਕ ਕਾਰਜ ਹੈ, ਯਾਨੀ ਕਿ ਇਹ ਦਰਸਾਉਣਾ ਕਿ ਤੁਸੀਂ ਵੀ ਹਿੰਦੂ ਬਹੁਗਿਣਤੀ ਦਾ ਹੀ ਅੰਗ ਹੋ ਕਿ ਅਸੀਂ ਤਾਂ ਤੁਹਾਡੇ ਬਾਰੇ ਇਉਂ ਸੋਚਦੇ ਹਾਂ।

# ਸੰਪਰਕ : 94170-79720

# ਪੱਤਰਕਾਰਾਂ ਨੇ ਫੂਕਿਆ ਡੀ ਪੀ ਆਰ ਓ ਦਾ ਪੁਤਲਾ

## ਪੱਖਪਾਤੀ ਰਵੱਈਏ ਖਿਲਾਫ ਕੀਤਾ ਜ਼ੋਰਦਾਰ ਪਿੱਟ-ਸਿਆਪਾ



ਲੌਂਗੋਵਾਲ ਵਿਖੇ ਡੀ.ਪੀ.ਆਰ.ਓ. ਸੰਗਰੂਰ ਦਾ ਪੁਤਲਾ ਫੂਕਣ ਮੌਕੇ ਨਾਅਰੇਬਾਜ਼ੀ ਕਰਦੇ ਹੋਏ ਪੱਤਰਕਾਰ।

**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)**-ਛੋਟੇ ਸ਼ਹਿਰਾਂ ਤੇ ਕਸਬਿਆਂ ਦੇ ਪੱਤਰਕਾਰਾਂ ਦੇ ਸਰਕਾਰੀ ਸ਼ਨਾਖਤੀ (ਪੀਲੇ ਕਾਰਡ) ਬਣਾਉਣ 'ਚ ਡੀ ਪੀ ਆਰ ਓ ਸੰਗਰੂਰ ਵੱਲੋਂ ਕੀਤੀ ਜਾ ਰਹੀ ਵਿਤਕਰੇਬਾਜ਼ੀ ਤੇ ਅੜੀਅਲ ਰਵੱਈਏ ਖਿਲਾਫ ਸ਼ੇਰਪੁਰ ਦੇ ਪੱਤਰਕਾਰ ਭਾਈਚਾਰੇ ਦੀ ਪਹਿਲ 'ਤੇ ਅੱਜ ਸਬ ਤਹਿਸੀਲ ਲੌਂਗੋਵਾਲ ਵਿਖੇ ਡੀ.ਪੀ.ਆਰ.ਓ. ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਪੁਤਲਾ ਸਾੜਿਆ ਗਿਆ, ਜਿਸ ਵਿੱਚ ਸੀਨੀਅਰ ਪ੍ਰੈੱਸ ਕਲੱਬ ਅਤੇ ਪ੍ਰੈੱਸ ਕਲੱਬ ਰਜਿ. ਲੌਂਗੋਵਾਲ ਦੇ ਆਗੂਆਂ ਤੇ ਮੈਂਬਰਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਇਸ ਮੌਕੇ ਡੀ.ਪੀ.ਆਰ.ਓ. ਤੇ ਸਰਕਾਰ ਦਾ ਜ਼ੋਰਦਾਰ ਪਿੱਟ ਸਿਆਪਾ ਕੀਤਾ ਗਿਆ ਅਤੇ ਪੀਲੇ ਕਾਰਡ ਬਣਾਉਣ ਲਈ ਅਪਣਾਈ ਜਾ ਰਹੀ ਨੀਤੀ ਦਾ ਵਿਰੋਧ ਕੀਤਾ ਗਿਆ। ਪ੍ਰੈੱਸ ਕਲੱਬ ਸ਼ੇਰਪੁਰ ਦੇ ਪ੍ਰਧਾਨ ਬੀਰਬਲ ਰਿਸ਼ੀ ਨੇ ਕਿਹਾ ਕਿ ਚੱਲ ਰਹੇ ਵਰ੍ਹੇ ਦੌਰਾਨ ਵਿਭਾਗ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਦੇ ਬਾਵਜੂਦ ਕੁੱਝ ਪੱਤਰਕਾਰਾਂ ਦੇ ਪੀਲੇ ਕਾਰਡ ਨਾ ਬਣਾਏ ਜਾਣ ਕਾਰਨ ਉਨ੍ਹਾਂ ਨੂੰ ਪੂਰਾ ਸਾਲ ਉਨ੍ਹਾਂ ਦੇ ਹੱਕਾਂ ਤੋਂ ਵਾਂਝਾ ਰੱਖਿਆ ਗਿਆ ਹੈ। ਡੀ.ਪੀ.ਆਰ.ਓ. ਵੱਲੋਂ ਖਾਸ ਤੌਰ 'ਤੇ ਇਹ ਰਵੱਈਆ ਪਿੰਡਾਂ ਤੇ ਕਸਬਿਆਂ ਦੇ ਪੱਤਰਕਾਰਾਂ ਨਾਲ ਲਗਾਤਾਰ ਅਪਣਾਇਆ ਜਾ ਰਿਹਾ ਹੈ। ਆਗੂਆਂ ਨੇ ਦੱਸਿਆ ਕਿ ਡੀ.ਪੀ.ਆਰ.ਓ. ਸੰਗਰੂਰ ਦੇ ਵਿਤਕਰੇਬਾਜ਼ੀ ਭਰੇ ਰਵੱਈਏ ਸਬੰਧੀ ਸਬੰਧਤ ਵਿਭਾਗ ਦੇ ਚੰਡੀਗੜ੍ਹ ਦਫਤਰ, ਵਿਭਾਗ ਦੇ ਮੰਤਰੀ ਤੋਂ ਇਲਾਵਾ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਦਿੱਤੇ ਸ਼ਿਕਾਇਤ ਪੱਤਰਾਂ 'ਤੇ ਦੋ ਮਹੀਨਿਆਂ ਬਾਅਦ ਵੀ ਕੋਈ ਕਾਰਵਾਈ ਅਮਲ ਵਿੱਚ ਨਾ ਲਿਆਉਣ ਦਾ ਵੀ ਪੱਤਰਕਾਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਡੀ.ਪੀ.ਆਰ.ਓ. ਦੀ ਤੁਰੰਤ ਬਦਲੀ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਫੀਲਡ ਤੇ ਪੇਂਡੂ ਖੇਤਰਾਂ ਵਿੱਚ ਕੰਮ ਕਰਦੇ ਪੱਤਰਕਾਰਾਂ ਦੇ ਸ਼ਨਾਖਤੀ ਕਾਰਡ ਪਹਿਲ ਦੇ ਅਧਾਰ 'ਤੇ ਬਣਾਏ ਜਾਣ ਤੇ ਸਰਕਾਰ ਅਤੇ ਪੱਤਰਕਾਰਾਂ ਦਰਮਿਆਨ ਤਾਲਮੇਲ ਬਣਾਉਣ 'ਚ ਅਸਫਲ ਰਹੇ ਡੀ.ਪੀ.ਆਰ.ਓ. ਨੂੰ ਇੱਥੋਂ ਤੁਰੰਤ ਚੱਲਦਾ ਕੀਤਾ ਜਾਵੇ। ਸੀਨੀਅਰ ਪ੍ਰੈੱਸ ਕਲੱਬ ਲੌਂਗੋਵਾਲ ਦੇ ਸਰਪ੍ਰਸਤ ਜਗਤਾਰ ਸਿੰਘ ਨਹਿਲ, ਪ੍ਰਧਾਨ ਦੇਵਿੰਦਰ ਵਸ਼ਿਸ਼ਟ, ਪ੍ਰੈੱਸ ਕਲੱਬ ਲੌਂਗੋਵਾਲ ਦੇ ਪ੍ਰਧਾਨ ਜਗਸੀਰ ਸਿੰਘ ਨੇ ਲੌਂਗੋਵਾਲ ਦੇ ਪੱਤਰਕਾਰ ਭਾਈਚਾਰੇ ਵੱਲੋਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ ਸਮੂਹ ਪੱਤਰਕਾਰ ਭਾਈਚਾਰੇ ਨੇ ਅਹਿਦ ਲਿਆ ਕਿ ਸਮੁੱਚੇ ਜ਼ਿਲ੍ਹੇ ਦੇ ਵੱਖ-ਵੱਖ ਕਸਬਿਆਂ ਤੇ ਸ਼ਹਿਰਾਂ ਵਿੱਚ ਡੀ.ਪੀ.ਆਰ.ਓ. ਸੰਗਰੂਰ ਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਅਰਥੀਆਂ ਸਾੜੀਆਂ ਜਾਣਗੀਆਂ ਅਤੇ ਸੰਘਰਸ਼ ਨੂੰ ਹੋਰ ਪ੍ਰਚੰਡ ਕੀਤਾ ਜਾਵੇਗਾ। ਇਸ ਮੌਕੇ ਬੀਰਬਲ ਰਿਸ਼ੀ, ਵਿਜੈ ਕੁਮਾਰ ਸਿੰਗਲਾ, ਰਣਜੀਤ ਸਿੰਘ ਰਾਣਾ ਸਿੱਧੂ, ਬਲਜੀਤ ਸਿੰਘ ਟਿੱਬਾ, ਰਵੀ ਗੁਰਮਾ, ਹਰਜੀਤ ਸਿੰਘ ਕਾਤਿਲ, ਬਲਵਿੰਦਰ ਛੰਨਾ, ਦਰਸ਼ਨ ਖੇੜੀ, ਮੇਘ ਰਾਜ ਜੋਸ਼ੀ ਤੇ ਲੌਂਗੋਵਾਲ ਤੋਂ ਦੇਵਿੰਦਰ ਵਸ਼ਿਸ਼ਟ, ਜਗਤਾਰ ਸਿੰਘ ਨਹਿਲ, ਵਿਨੋਦ ਸ਼ਰਮਾ, ਜਗਸੀਰ ਸਿੰਘ, ਸ਼ੇਰ ਸਿੰਘ ਖੰਨਾ, ਰਵੀ ਗਰਗ, ਭਗਵੰਤ ਸ਼ਰਮਾ, ਹਰਪਾਲ ਸਿੰਘ, ਜੁੰਮਾ ਸਿੰਘ, ਵਿਜੇ ਸ਼ਰਮਾ, ਕ੍ਰਿਸ਼ਨ ਲੌਂਗੋਵਾਲ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ, ਇਕਾਈ ਮੀਤ ਪ੍ਰਧਾਨ ਕਰਮ ਸਿੰਘ ਤੇ ਬਹਾਦਰ ਸਿੰਘ ਹਾਜ਼ਰ ਸਨ।

# ਜ਼ਹਿਰੀਲਾ ਟੀਕਾ ਲਾ ਕੇ ਪਤਨੀ ਦਾ ਕੀਤਾ ਕਤਲ, ਮੁਲਜ਼ਮ ਗ੍ਰਿਫਤਾਰ

**ਮੋਗਾ (ਅਮਰਜੀਤ ਬੱਬਰੀ)**

ਮੰਗਲਵਾਰ ਸਵੇਰੇ ਪਹਾੜਾ ਸਿੰਘ ਚੌਕ ਨੇੜੇ ਬੰਦ ਘਰ ਵਿੱਚੋਂ ਸ਼ੱਕੀ ਹਾਲਾਤ ਵਿੱਚ ਮਿਲੀ ਵਿਆਹੁਤਾ ਔਰਤ ਦੀ ਬਦਬੂ ਮਾਰਦੀ ਲਾਸ਼ ਦੇ ਮਾਮਲੇ ਵਿੱਚ ਪੁਲਸ ਨੇ ਕੁਝ ਹੀ ਘੰਟਿਆਂ ਵਿੱਚ ਮੁਲਜ਼ਮ ਪਤੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਐੱਸ ਪੀ ਅਜੇਰਾਜ ਸਿੰਘ ਨੇ ਦੱਸਿਆ ਕਿ ਔਰਤ ਦੀ ਮੌਤ ਦੀ ਸੂਚਨਾ ਮਿਲਣ 'ਤੇ ਐੱਸ ਆਈ ਅਮਨਦੀਪ ਕੰਬੋਜ ਮੁੱਖ ਅਫ਼ਸਰ ਥਾਣਾ ਸਿਟੀ ਸਾਊਥ ਨੇ ਸਾਥੀ ਮੁਲਾਜ਼ਮਾਂ ਨਾਲ ਮੌਕੇ 'ਤੇ ਜਾ ਕੇ ਜਾਂਚ ਕੀਤੀ ਤਾਂ ਇੱਕ ਕਮਰੇ ਵਿੱਚ ਔਰਤ ਦੀ ਲਾਸ਼ ਬੈੱਡ 'ਤੇ ਪਈ ਮਿਲੀ, ਜੋ ਬਦਬੂ ਮਾਰ ਰਹੀ ਸੀ। ਲਾਸ਼ ਦੀ ਸ਼ਨਾਖਤ ਮੋਨਿਕਾ ਸ਼ਰਮਾ ਪਤਨੀ ਰੋਹਿਤ ਸ਼ਰਮਾ ਵਾਸੀ ਪਹਾੜਾ ਸਿੰਘ ਚੌਕ ਵਜੋਂ ਹੋਈ। ਐੱਸ ਪੀ ਅਜੇਰਾਜ ਸਿੰਘ ਨੇ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਮੁਲਜ਼ਮ ਰੋਹਿਤ ਸ਼ਰਮਾ ਪੁੱਤਰ ਯੋਗ ਰਾਜ ਸ਼ਰਮਾ ਨੇ ਹੀ ਆਪਣੀ ਪਤਨੀ ਦਾ ਕਤਲ ਕੀਤਾ ਸੀ। ਉਨ੍ਹਾ ਦੱਸਿਆ ਕਿ ਰੋਹਿਤ ਸ਼ਰਮਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਨ੍ਹਾ ਦੱਸਿਆ ਕਿ ਮੋਨਿਕਾ ਸ਼ਰਮਾ ਦੇ ਪਿਤਾ ਪਰਮਿੰਦਰ ਪਾਲ ਨੇ ਕਿਹਾ ਕਿ ਉਨ੍ਹਾ ਆਪਣੀ ਧੀ ਦਾ ਵਿਆਹ 2017 ਵਿੱਚ ਕੀਤਾ ਸੀ। ਉਨ੍ਹਾ ਦਾ ਜਵਾਈ ਉਨ੍ਹਾ ਦੀ ਧੀ ਮੋਨਿਕਾ ਨੂੰ ਅਕਸਰ ਕੁੱਟਦਾ-ਮਾਰਦਾ ਰਹਿੰਦਾ ਸੀ। ਉਨ੍ਹਾ ਕਿਹਾ ਕਿ ਉਨ੍ਹਾ ਦੇ ਜਵਾਈ ਨੇ ਹੀ ਉਨ੍ਹਾ ਦੀ ਧੀ ਦਾ ਕਤਲ ਕੀਤਾ ਹੈ। ਪੁਲਸ ਨੇ ਮ੍ਰਿਤਕਾ ਮੋਨਿਕਾ ਸ਼ਰਮਾ ਦੇ ਪਿਤਾ ਦੇ ਬਿਆਨਾਂ 'ਤੇ ਮਾਮਲਾ ਦਰਜ ਕਰਕੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤੇ ਉਸ ਕੋਲੋਂ ਪੁੱਛਗਿੱਛ ਜਾਰੀ ਹੈ। ਮੁਲਜ਼ਮ ਨੇ ਮੰਨਿਆ ਕਿ ਉਸ ਨੇ ਪਤਨੀ ਮੋਨਿਕਾ ਸ਼ਰਮਾ ਨੂੰ ਜ਼ਹਿਰੀਲਾ ਟੀਕਾ ਲਗਾ ਕੇ ਮਾਰ ਦਿੱਤਾ ਸੀ। ਇਹ ਵੀ ਪਤਾ ਲੱਗਾ ਹੈ ਰੋਹਿਤ ਸ਼ਰਮਾ ਨਸ਼ੇ ਦਾ ਸੇਵਨ ਕਰਦਾ ਸੀ ਤੇ ਉਸ ਖ਼ਿਲਾਫ਼ ਪਹਿਲਾਂ ਵੀ ਦੋ ਮੁਕੱਦਮੇ ਦਰਜ ਹਨ।



ਐੱਸ ਪੀ ਅਜੇਰਾਜ ਸਿੰਘ ਗ੍ਰਿਫ਼ਤਾਰ ਕੀਤੇ ਮੁਜਰਮ ਬਾਰੇ ਜਾਣਕਾਰੀ ਦਿੰਦੇ ਹੋਏ।

# ਬੀ ਬੀ ਸੀ ਦੇ ਦਫ਼ਤਰਾਂ 'ਤੇ ਛਾਪਿਆਂ ਨਾਲ ਮੋਦੀ ਸਰਕਾਰ ਦੀ ਤਾਨਾਸ਼ਾਹ ਨੀਤੀ ਜੱਗ-ਜ਼ਾਹਰ ਹੋਈ : ਸੀ ਪੀ ਆਈ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**

ਬੀਤੇ 14 ਫਰਵਰੀ ਨੂੰ ਆਮਦਨ ਟੈਕਸ ਵਿਭਾਗ ਵੱਲੋਂ ਕੌਮਾਂਤਰੀ ਪੱਧਰ ਦੇ ਮੀਡੀਆ ਸੰਸਥਾਨ 'ਬੀਬੀਸੀ ਲੰਡਨ' ਦੇ ਦਿੱਲੀ ਤੇ ਮੁੰਬਈ ਸਥਿਤ ਦਫ਼ਤਰਾਂ 'ਤੇ ਮਾਰੇ ਗਏ ਛਾਪੇ ਮੋਦੀ ਸਰਕਾਰ ਦੀ ਉਸ ਨੀਤੀ ਦੀ ਅਗਲੀ ਕੜੀ ਹਨ, ਜਿਸ ਦੇ ਤਹਿਤ ਅਜ਼ਾਦ ਤੇ ਅਸਹਿਮਤੀ ਦੀ ਹਰ ਅਵਾਜ਼ ਨੂੰ ਪਿਛਲੇ ਕਈ ਸਾਲਾਂ ਤੋਂ ਡਰਾਇਆ, ਧਮਕਾਇਆ ਜਾਂ ਖਤਮ ਕੀਤਾ ਜਾ ਰਿਹਾ ਹੈ। ਇਹ ਬਿਆਨ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ, ਮੀਤ ਸਕੱਤਰ ਗੁਰਨਾਮ ਸਿੰਘ, ਕਾਮਰੇਡ ਬਲਵੀਰ ਸਿੰਘ ਔਲਖ, ਹਰਪਾਲ ਸਿੰਘ ਮਚਾਕੀ ਤੇ ਦਰਸ਼ਨ ਸਿੰਘ ਸਰਾਵਾਂ ਨੇ ਜਾਰੀ ਕਰਦੇ ਹੋਏ ਇਨ੍ਹਾਂ ਛਾਪਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਪਹਿਲਾਂ ਵੀ ਦੇਸ਼ ਦੇ ਮੀਡੀਆ ਸੰਸਥਾਨ ਨਿਊਜ਼ ਕਲਿਕ, ਦੈਨਿਕ ਭਾਸਕਰ ਤੇ ਕਈ ਅਜ਼ਾਦ ਪੱਤਰਕਾਰਾਂ ਨੂੰ ਇਮਾਨਦਾਰੀ ਨਾਲ ਸੱਚੀ ਰਿਪੋਰਟਿੰਗ ਕਰਨ ਕਰਕੇ ਬਦਲਾਖੋਰੀ ਦਾ ਨਿਸ਼ਾਨਾ ਬਣਾ ਚੁੱਕੀ ਹੈ।

ਸ਼ਹਿਰੀ ਬ੍ਰਾਂਚ ਦੇ ਆਗੂਆਂ ਸੁਖਜਿੰਦਰ ਸਿੰਘ ਤੂੰਬੜਭੰਨ, ਸੁਖਚੈਨ ਸਿੰਘ ਥਾਂਦੇਵਾਲਾ ਤੇ ਦਫਤਰ ਸਕੱਤਰ ਸੁਖਦਰਸ਼ਨ ਸ਼ਰਮਾ ਨੇ ਕਿਹਾ ਹੈ ਕਿ ਸਰਕਾਰ ਦੀ ਇਸ ਕੋਝੀ ਹਰਕਤ ਨਾਲ ਸਾਰੇ ਸੰਸਾਰ ਨੂੰ ਪਤਾ ਲੱਗ ਗਿਆ ਹੈ ਕਿ ਪ੍ਰੈੱਸ/ਵਿਚਾਰਾਂ ਦੀ ਅਜ਼ਾਦੀ ਵਿੱਚ ਭਾਰਤ ਦੀ ਸਥਿਤੀ ਕੀ ਹੈ? ਸਰਕਾਰ ਨੇ ਬੁਖਲਾਹਟ ਵਿੱਚ ਇਹ ਕਦਮ ਉਸ ਸਮੇਂ ਉਠਾਇਆ ਹੈ, ਜਦੋਂ ਦੇਸ਼ ਵਿੱਚ ਗਰੁੱਪ-20 ਦੇਸ਼ਾਂ ਦਾ ਸਿਖਰ ਸੰਮੇਲਨ ਹੋਣ ਜਾ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੋਦੀ ਸਰਕਾਰ ਬੀਬੀਸੀ ਤੋਂ ਇਸ ਗੱਲ ਦਾ ਬਦਲਾ ਲੈ ਰਹੀ ਹੈ ਕਿ ਉਸ ਨੇ 2002 ਦੇ ਗੁਜਰਾਤ ਦੰਗਿਆਂ ਬਾਰੇ ਸੰਸਾਰ ਸਾਹਮਣੇ ਦਸਤਾਵੇਜ਼ੀ ਫਿਲਮ ਨਾਲ ਸੱਚ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ, ਜਿਸ ਦੇ ਭਾਰਤ ਵਿੱਚ ਪ੍ਰਸਾਰਣ 'ਤੇ ਰੋਕ ਲਗਾਉਣ ਬਾਅਦ ਹੁਣ ਉਸ ਦੇ ਦਫ਼ਤਰਾਂ 'ਤੇ ਛਾਪੇ ਮਾਰੇ ਜਾ ਰਹੇ ਹਨ। ਦੇਸ਼ ਦੇ ਸੰਵਿਧਾਨ ਤੇ ਲੋਕਤੰਤਰ ਵਿੱਚ ਵਿਸ਼ਵਾਸ ਰੱਖਣ ਵਾਲੀਆਂ ਸਾਰੀਆਂ ਸ਼ਕਤੀਆਂ ਨੂੰ ਸਰਕਾਰ ਦੇ ਇਨ੍ਹਾਂ ਯਰਕਾਊ ਹਥਕੰਡਿਆਂ ਦਾ ਵਿਰੋਧ ਕਰਨਾ ਚਾਹੀਦਾ ਹੈ।

## ਕਾਤਰਾਂ

### ਰੀਟਰੀਟ ਸੈਰੇਮਨੀ ਦਾ ਸਮਾਂ ਬਦਲਿਆ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਭਾਰਤ-ਪਾਕਿ ਅੰਤਰਰਾਸ਼ਟਰੀ ਸਾਦਕੀ ਸਰਹੱਦ 'ਤੇ ਦੋਵਾਂ ਦੇਸ਼ਾਂ ਵਿਚਾਲੇ ਰੀਟਰੀਟ ਸੈਰੇਮਨੀ ਦਾ ਸਮਾਂ ਸ਼ਾਮ 5 ਵਜੇ ਕਰ ਦਿੱਤਾ ਗਿਆ ਹੈ। ਬੀ ਐੱਸ ਐੱਫ ਦੇ ਸੂਤਰਾਂ ਅਨੁਸਾਰ ਜਾਣਕਾਰੀ ਦਿੰਦੇ ਹੋਏ ਲੀਲਾਧਰ ਸ਼ਰਮਾ ਨੇ ਦੱਸਿਆ ਕਿ ਮੌਸਮ ਵਿੱਚ ਬਦਲਾਅ ਤੋਂ ਬਾਅਦ ਅਜਿਹਾ ਕੀਤਾ ਗਿਆ ਹੈ। ਵਰਨਣਯੋਗ ਹੈ ਕਿ ਭਾਰਤ-ਪਾਕਿ ਸਰਹੱਦ ਦੇ ਵਿਚਕਾਰ ਸਾਦਕੀ ਅੰਤਰਰਾਸ਼ਟਰੀ ਬਾਰਡਰ ਫਾਜ਼ਿਲਕਾ ਦੇ ਸਾਦਕੀ, ਫਿਰੋਜ਼ਪੁਰ ਦੇ ਹੁਸੈਨੀਵਾਲਾ ਤੇ ਅੰਮ੍ਰਿਤਸਰ ਦੇ ਬਾਘਾ-ਅਟਾਰੀ ਬਾਰਡਰ 'ਤੇ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿੱਚ ਸੈਲਾਨੀ ਰੀਟਰੀਟ ਸੈਰੇਮਨੀ ਦੇਖਣ ਆਉਂਦੇ ਹਨ।

### ਮੋਟਰਸਾਈਕਲ ਸਵਾਰ ਮਹਿਲਾ ਦਾ ਬੈਗ ਖੋਹ ਕੇ ਫਰਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੋਟਰਸਾਈਕਲ ਸਵਾਰ ਝਪਟਮਾਰਾਂ ਵੱਲੋਂ ਡਿਊਟੀ ਕਰਕੇ ਘਰ ਨੂੰ ਜਾ ਰਹੀ ਰੇਲਵੇ ਦੀ ਇੱਕ ਮਹਿਲਾ ਮੁਲਾਜ਼ਮ ਨੂੰ ਨਿਸ਼ਾਨਾ ਬਣਾਏ ਜਾਣ ਦਾ ਸਮਾਚਾਰ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਸਿਆਵਤੀ ਵਾਸੀ ਰੇਲਵੇ ਕਲੋਨੀ ਸਰਹਿੰਦ ਨੇ ਦੱਸਿਆ ਕਿ ਉਹ ਭਾਰਤੀ ਰੇਲਵੇ 'ਚ ਨੌਕਰੀ ਕਰਦੀ ਹੈ ਤੇ ਬੀਤੇ ਦਿਨੀਂ ਉਹ ਜਦੋਂ ਆਪਣੀ ਡਿਊਟੀ ਖਤਮ ਕਰਕੇ ਸਰਹਿੰਦ ਦੀ ਰੇਲਵੇ ਰੋਡ ਨਜ਼ਦੀਕ ਸਥਿਤ ਸ਼ਨੀ ਮੰਦਰ ਕੋਲੋਂ ਲੰਘ ਰਹੀ ਸੀ ਤਾਂ ਪਿੱਛੋਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਦੋ ਅਣਪਛਾਤੇ ਵਿਅਕਤੀਆਂ ਨੇ ਉਸ ਦੇ ਸੱਜੇ ਮੋਢੇ 'ਚ ਪਾਇਆ ਬੈਗ ਝਪਟ ਲਿਆ ਤੇ ਫਰਾਰ ਹੋ ਗਏ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਦੇ ਬੈਗ 'ਚ ਉਸ ਦਾ ਰੇਲਵੇ ਦਾ ਆਈ.ਡੀ. ਕਾਰਡ, ਆਧਾਰ ਕਾਰਡ, ਪੈਨ ਕਾਰਡ, ਮੈਡੀਕਲ ਕਾਰਡ, ਘਰ ਤੇ ਦਫਤਰ ਦੀਆਂ ਚਾਬੀਆਂ, ਰੇਲਵੇ ਦੀ ਚੈਕਿੰਗ ਅਥਾਰਟੀ ਅਤੇ ਹੋਰ ਜ਼ਰੂਰੀ ਕਾਗਜ਼ਾਤ ਸਨ। ਥਾਣਾ ਸਰਹਿੰਦ ਦੀ ਪੁਲਸ ਵੱਲੋਂ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਭਲਕੇ ਬਿਜਲੀ ਸਪਲਾਈ ਬੰਦ ਰਹੇਗੀ

**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)**-ਪਾਵਰਕਾਮ ਲੌਂਗੋਵਾਲ ਦੇ ਐੱਸ ਡੀ ਓ ਇੰਜ: ਸੁਭਾਸ਼ ਚੰਦਰ ਵੱਲੋਂ ਜਾਣਕਾਰੀ ਦਿੰਦਿਆਂ ਕਿਹਾ ਕਿ 66 ਕੇ ਵੀ ਗਰਿਡ ਲੌਂਗੋਵਾਲ ਤੋਂ ਚੱਲਦੀ ਸਪਲਾਈ ਸਬੰਧੀ ਖਪਤਕਾਰਾਂ ਨੂੰ ਸੂਚਿਤ ਕੀਤਾ ਗਿਆ ਹੈ ਕਿ 66 ਕੇ ਵੀ ਗਰਿਡ ਲੌਂਗੋਵਾਲ ਦੀ ਜ਼ਰੂਰੀ ਮੈਨਟੀਨੈਂਸ ਕਾਰਨ 18 ਫਰਵਰੀ 2023 ਨੂੰ ਸਵੇਰੇ 10:00 ਵਜੇ ਤੋਂ ਸ਼ਾਮ 04:00 ਵਜੇ ਤੱਕ 66 ਕੇ ਵੀ ਗਰਿਡ ਲੌਂਗੋਵਾਲ ਤੋਂ ਚੱਲਦੇ ਸਲਾਇਟ, ਪਿੰਡਾਂ ਦੀ ਘਰੇਲੂ ਸਪਲਾਈ ਤੇ ਖੇਤੀਬਾੜੀ ਫੀਡਰਾਂ ਦੀ ਸਪਲਾਈ ਬੰਦ ਰਹੇਗੀ।

### ਸਨਮਾਨ ਸਮਾਰੋਹ ਤੇ ਕਵੀ ਦਰਬਾਰ 19 ਨੂੰ

**ਧੂਰੀ (ਸੁਖਦੇਵ ਧੂਰੀ, ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਮਾਤ ਭਾਸ਼ਾ ਦਿਵਸ ਨੂੰ ਸਮਰਪਤ ਸਨਮਾਨ ਸਮਾਰੋਹ ਤੇ ਕਵੀ ਦਰਬਾਰ ਧੂਰੀ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਪਰਿਵਰਤਨ ਵੱਲੋਂ 19 ਫਰਵਰੀ ਨੂੰ ਮਾਲਵਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਧੂਰੀ ਵਿਖੇ ਸਵੇਰੇ 10 ਵਜੇ ਤੋਂ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ ਪੰਜਾਬੀ ਵਿਸ਼ੇ ਵਜੋਂ ਸਿਵਲ ਸਰਵਿਸਜ਼ ਇਮਤਿਹਾਨ ਨੂੰ ਪਾਸ ਕਰਨ ਦੇ ਆਪਣੇ ਸਫਰ ਨੂੰ ਸਾਂਝਾ ਕਰਨਗੇ। ਇਸ ਮੌਕੇ ਵੱਖ-ਵੱਖ ਸ਼ਹਿਰਾਂ ਤੋਂ ਆਏ ਉੱਘੇ ਸਾਹਿਤਕਾਰ ਓਮ ਪ੍ਰਕਾਸ਼ ਗਾਸੋ, ਚਮਨਦੀਪ ਦਿਓਲ, ਵਾਹੀਦ, ਸੰਦੀਪ ਸ਼ਰਮਾ, ਗਗਨਦੀਪ ਸਿੰਘ, ਰਣਧੀਰ ਸਿੰਘ ਆਦਿ ਕਵਿਤਾ ਪਾਠ ਕਰਕੇ ਕਵੀ ਦਰਬਾਰ ਦੀ ਸ਼ੋਭਾ ਵਧਾਉਣਗੇ। ਇਸ ਮੌਕੇ ਪਰਿਵਰਤਨ ਸੰਸਥਾ ਵੱਲੋਂ ਉੱਘੇ ਲੇਖਕ ਤੇ ਗੀਤਕਾਰ ਮੂਲ ਚੰਦ ਸ਼ਰਮਾ, ਗੁਰਪ੍ਰੀਤ ਸਿੰਘ ਰੂਪਰਾ, ਦਿਲ ਦਲੀਪ, ਜਗਤਾਰ ਸਿੰਘ ਸੋਖੀ, ਗੁਰਪਾਲ ਸਿੰਘ ਰਟੋਲਾ ਸਮੇਤ ਵੱਖ-ਵੱਖ ਖੇਤਰਾਂ 'ਚ ਮੱਲਾਂ ਮਾਰਨ ਵਾਲੇ ਵਿਅਕਤੀਆਂ ਨੂੰ ਸਨਮਾਨਤ ਵੀ ਕੀਤਾ ਜਾਵੇਗਾ।

# ਕਿਸਾਨ ਯੂਨੀਅਨ ਸਿੱਧੂਪੁਰ ਵੱਲੋਂ ਡੀ ਸੀ ਦਫਤਰ ਸਾਹਮਣੇ ਧਰਨਾ ਜਾਰੀ



ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਸਾਹਮਣੇ ਲਗਾਏ ਗਏ ਧਰਨੇ ਦਾ ਦ੍ਰਿਸ਼।

**ਮਮਦੋਟ (ਜਸਬੀਰ ਸਿੰਘ ਕੰਬੋਜ)**

ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਗੁਰਮੀਤ ਸਿੰਘ ਘੋੜੇ ਚੱਕ ਜ਼ਿਲ੍ਹਾ ਪ੍ਰਧਾਨ ਪੱਛਮੀ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ 14 ਫਰਵਰੀ ਤੋਂ ਡੀ.ਸੀ. ਦਫਤਰ ਫਿਰੋਜ਼ਪੁਰ ਅੱਗੇ ਪੱਕਾ ਮੋਰਚਾ ਲਾਇਆ ਹੋਇਆ ਹੈ, ਜੋ ਅੱਜ ਤੀਸਰੇ ਦਿਨ ਵੀ ਜਾਰੀ ਰਿਹਾ। ਇਸ ਸਮੇਂ ਗੱਲਬਾਤ ਕਰਦਿਆਂ ਗੁਰਮੀਤ ਸਿੰਘ ਘੋੜੇ ਚੱਕ ਜ਼ਿਲ੍ਹਾ ਪ੍ਰਧਾਨ, ਗੁਰਸੇਵਕ ਸਿੰਘ ਧਾਲੀਵਾਲ ਬਲਾਕ ਪ੍ਰਧਾਨ ਮਮਦੋਟ ਤੇ ਇਕਬਾਲ ਸਿੰਘ ਸੱਪਾਂਵਾਲੀ ਜ਼ਿਲ੍ਹਾ ਪ੍ਰਧਾਨ (ਪੂਰਬੀ) ਨੇ ਦੱਸਿਆ ਕਿ ਕਿਸਾਨੀ ਮੰਗਾਂ ਨੂੰ ਲੈ ਕੇ ਜੋ ਪੱਕਾ ਮੋਰਚਾ ਲਗਾਇਆ ਹੈ, ਜਿਵੇਂ ਕਿ ਭਾਰਤ-ਪਾਕ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਦੇ ਗੇਟ ਨੰ. 195 ਤਾਰ ਤੋਂ ਪਾਰ ਰਕਬਾ ਸੈਂਟਰਲ ਗੌਰਮਿੰਟ ਦੀ ਜ਼ਮੀਨ 'ਤੇ ਜਿਹੜੇ ਅਬਾਦਕਾਰ ਕਿਸਾਨਾਂ ਵੱਲੋਂ ਕੜੀ ਮਿਹਨਤ ਕਰਕੇ ਪਿਛਲੇ 25-30 ਸਾਲਾਂ ਤੋਂ ਖੇਤੀ ਕਰਦੇ ਆ ਰਹੇ ਸਨ, ਉਨ੍ਹਾਂ ਅਬਾਦਕਾਰ ਕਿਸਾਨਾਂ ਦੀ ਫਰੀਦਕੋਟ ਮੋਰਚੇ ਵਿੱਚ ਸਰਕਾਰ ਵੱਲੋਂ ਮੰਗ ਮੰਨ ਲੈਣ ਦੇ ਬਾਵਜੂਦ ਡੀ.ਸੀ. ਫਿਰੋਜ਼ਪੁਰ ਵੱਲੋਂ ਇਨ੍ਹਾਂ ਅਬਾਦਕਾਰ ਕਿਸਾਨਾਂ ਨੂੰ ਕਣਕ ਦੀ ਫਸਲ ਬੀਜਣ ਨਹੀਂ ਦਿੱਤੀ ਗਈ। ਇਨ੍ਹਾਂ ਅਬਾਦਕਾਰ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਵਿੱਚ ਫਸਲਾਂ ਬੀਜਣ ਦੀ ਆਗਿਆ ਦਿੱਤੀ ਜਾਵੇ।

ਆਗੂਆਂ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਜ਼ਿਲ੍ਹਾ ਫਿਰੋਜ਼ਪੁਰ ਦੇ ਆਗੂਆਂ 'ਤੇ ਦਰਜ ਕੀਤੇ ਝੂਠੇ ਮੁਕੱਦਮੇ ਤੁਰੰਤ ਖਾਰਜ ਕੀਤੇ ਜਾਣ। ਉਨ੍ਹਾਂ ਮੰਗ ਕੀਤੀ ਕਿ ਕਿਸਾਨ ਕੁਲਵੰਤ ਸਿੰਘ ਸ੍ਰੀਨਗਰ ਵਾਲੇ ਵੱਲੋਂ ਭੇਜੇ ਗਏ ਸੇਬਾਂ ਦੇ ਟਰੱਕ ਦੀ ਬਣਦੀ ਪੇਮੈਂਟ ਖਰੀਦਦਾਰ ਅੰਗਰੇਜ ਸਿੰਘ ਨਾਮ ਦੇ ਵਿਅਕਤੀ ਪਾਸੋਂ ਦਵਾਈ ਜਾਵੇ ਜਾਂ ਫਿਰ ਉਸ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਫਿਰੋਜ਼ਪੁਰ 'ਚ ਮਮਦੋਟ, ਗੁਰੂ ਹਰਸਹਾਏ, ਜ਼ੀਰਾ ਦੀਆਂ ਗਿਰਦਾਵਰੀਆਂ ਬਹਾਲ ਕੀਤੀਆਂ ਜਾਣ। ਆਗੂਆਂ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਤੋਂ ਵਾਂਝੇ ਰਹਿ ਰਹੇ ਮਮਦੋਟ ਬਲਾਕ ਦੇ ਪਿੰਡ ਲਖਮੀਰ ਕੇ ਉਤਾੜ ਦੇ ਵਸਨੀਕ, ਜਿਨ੍ਹਾਂ ਦੀਆਂ ਪਿਛਲੀ ਸਰਕਾਰ ਸਮੇਂ ਨਜਾਇਜ਼ ਤੌਰ 'ਤੇ 450 ਵੋਟਾਂ ਕੱਟੀਆਂ ਗਈਆਂ ਸਨ, ਜਿਸ ਕਾਰਨ ਉਨ੍ਹਾਂ ਦੀਆਂ ਵੋਟਾਂ ਨਾ ਤਾਂ ਲਖਮੀਰ ਕੇ ਉਤਾੜ ਦੀ ਪੰਚਾਇਤ ਵਿੱਚ ਪੈ ਰਹੀਆਂ ਹਨ ਤੇ ਨਾ ਹੀ ਨਗਰ ਪੰਚਾਇਤ ਮਮਦੋਟ ਵਿੱਚ ਅਤੇ ਇਹ ਵੋਟਾਂ ਦੋਨਾਂ ਪਾਸੋਂ ਕੱਟਣ ਵਾਲੇ ਅਫਸਰਾਂ ਖਿਲਾਫ ਕਾਰਵਾਈ ਕੀਤੀ ਜਾਵੇ। ਆਗੂਆਂ ਨੇ ਦੱਸਿਆ ਕਿ ਪਿੰਡ ਮਾਹੂ ਬੇਗੂ ਵਿਖੇ ਜੋ ਰੇਲਵੇ ਲਾਈਨ 'ਤੇ ਫਾਟਕ ਆਰਜ਼ੀ ਤੌਰ 'ਤੇ ਬਣਾਇਆ ਗਿਆ ਹੈ, ਉਸ ਨੂੰ ਪੱਕੇ ਤੌਰ 'ਤੇ ਬਣਾ ਕੇ ਚਾਲੂ ਕਰਵਾਇਆ ਜਾਵੇ। ਪਿੰਡ ਚੱਕ ਸਰਕਾਰ ਜੰਗਲ ਵਿਖੇ ਰਹਿਣ ਵਾਲੇ ਪਸ਼ੂਆਂ ਤੋਂ ਆਸ ਪਾਸ ਦੇ ਕਿਸਾਨਾਂ ਦੀ ਫਸਲ ਦੇ ਨੁਕਸਾਨ ਨੂੰ ਬਚਾਉਣ ਲਈ, ਜੋ ਤਾਰਬੰਦੀ ਕਰਨ ਦੇ ਸਰਕਾਰ ਵੱਲੋਂ ਫੰਡ ਜਾਰੀ ਹੋਏ ਹਨ, ਦਾ ਕੰਮ ਜਲਦੀ ਸ਼ੁਰੂ ਕਰਵਾਇਆ ਜਾਵੇ। ਆਗੂਆਂ ਨੇ ਕਿਹਾ ਕਿ ਜਿੰਨੀ ਦੇਰ ਤੱਕ ਪ੍ਰਸ਼ਾਸਨ/ਸਰਕਾਰ ਵੱਲੋਂ ਇਹ ਮੰਗਾਂ ਹੱਲ ਨਹੀਂ ਹੁੰਦੀਆਂ, ਇਹ ਧਰਨਾ ਸਮਾਪਤ ਨਹੀਂ ਕੀਤਾ ਜਾਵੇਗਾ।

ਇਸ ਸਮੇਂ ਪਰਮਜੀਤ ਸਿੰਘ ਭੁੱਲਰ ਮੀਤ ਪ੍ਰਧਾਨ ਫਿਰੋਜ਼ਪੁਰ, ਜਸਮੇਲ ਸਿੰਘ ਬਲਾਕ ਪ੍ਰਧਾਨ ਗੁਰੂ ਹਰਸਹਾਏ, ਮੀਤ ਪ੍ਰਧਾਨ ਜਸਕਰਨ ਸਿੰਘ ਗੁਰੂ ਹਰਸਹਾਏ, ਰਣਜੀਤ ਸਿੰਘ ਇਕਾਈ ਪ੍ਰਧਾਨ, ਗੁਰਮੇਜ ਸਿੰਘ ਵਗੈਰਾ ਸਮੁੱਚੀ ਟੀਮ ਤੇ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਸਮੁੱਚੇ ਮੁਲਾਜ਼ਮ 19 ਫਰਵਰੀ ਨੂੰ ਚੰਡੀਗੜ੍ਹ ਵੱਲ ਘੱਤਣਗੇ ਵਹੀਰਾਂ

**ਪਟਿਆਲਾ (ਨਵਾਂ ਜ਼ਮਾਨਾ ਸਰਵਿਸ)**

ਪੰਜਾਬ ਅੰਦਰ ਕੰਮ ਕਰਦੇ ਮਾਣ-ਭੱਤਾ ਵਰਕਰਾਂ, ਕੱਚੇ ਮੁਲਾਜ਼ਮਾਂ, ਰੈਗੂਲਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਸਬੰਧੀ 'ਆਪ' ਸਰਕਾਰ ਵੱਲੋਂ ਕੀਤੀ ਜਾ ਰਹੀ ਟਾਲ-ਮਟੋਲ ਖਿਲਾਫ 'ਪੰਜਾਬ-ਯੂ.ਟੀ. ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ' ਵੱਲੋਂ 19 ਫਰਬਰੀ ਨੂੰ ਆਪ ਸਰਕਾਰ ਦੇ ਖਿਲਾਫ ਚੰਡੀਗੜ੍ਹ ਵਿਖੇ ਪੋਲ ਖੋਲ੍ਹ ਕੀਤੀ ਜਾ ਰਹੀ ਰੈਲੀ ਦੀ ਤਿਆਰੀ ਸਬੰਧੀ ਪੰਜਾਬ ਸੁਬਾਰਡੀਨੇਟ ਸਰਵਸਿਜ਼ ਫੈਡਰੇਸ਼ਨ 1406/22 ਬੀ ਜ਼ਿਲ੍ਹਾ ਪਟਿਆਲਾ ਵੱਲੋਂ ਪ੍ਰਧਾਨ ਲਖਵਿੰਦਰ ਸਿੰਘ ਖਾਨਪੁਰ, ਜਸਵਿੰਦਰ ਸਿੰਘ ਸੋਜਾ, ਜਸਵੀਰ ਸਿੰਘ ਖੋਖਰ, ਦਰਸ਼ਨ ਬੇਲੂ ਮਾਜਰਾ, ਰਣਜੀਤ ਸਿੰਘ ਮਾਨ, ਭਜਨ ਸਿੰਘ ਲੰਗ, ਰੁਪਿੰਦਰ ਕੌਰ ਦਾਨੀਪੁਰ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ।

ਆਗੂਆਂ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਮਾਣਭੱਤਾ ਵਰਕਰਾਂ ਦੀਆਂ ਉਜ਼ਰਤਾਂ ਵਿੱਚ ਵਾਧਾ ਕੀਤਾ ਜਾਵੇਗਾ, ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣਗੇ, ਛੇਵੇਂ ਤਨਖਾਹ ਕਮਿਸ਼ਨ ਨੂੰ ਸੋਧ ਕੇ ਮੁਲਾਜ਼ਮ ਤੇ ਪੈਨਸ਼ਨਰ ਪੱਖੀ ਬਣਾਇਆ ਜਾਵੇਗਾ, ਪੈਨਸ਼ਨਰਾਂ ਦੀ ਪੈਨਸ਼ਨ ਦੁਹਰਾਈ 2.59 ਦੇ ਗੁਣਾਂਕ ਨਾਲ ਕੀਤੀ ਜਾਵੇਗੀ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇਗੀ, ਪਰਖ ਕਾਲ ਸੰਬੰਧੀ 15-01-2015 ਦਾ ਨੋਟੀਫਿਕੇਸ਼ਨ ਰੱਦ ਕੀਤਾ ਜਾਵੇਗਾ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਵੀ ਪੰਜਾਬ ਦੇ ਸਕੇਲ ਲਾਗੂ ਕੀਤੇ ਜਾਣਗੇ, ਪੇਂਡੂ ਭੱਤਾ, ਸਫਰੀ ਭੱਤਾ, ਤੇਲ ਭੱਤਾ ਤੇ ਬਾਰਡਰ ਏਰੀਆ ਭੱਤੇ ਸਮੇਤ ਕੱਟੇ ਗਏ 37 ਕਿਸਮਾਂ ਦੇ ਭੱਤੇ ਤੇ ਏ.ਸੀ.ਪੀ. ਆਦਿ ਬਹਾਲ ਕੀਤੇ ਜਾਣਗੇ।

ਪ੍ਰੰਤੂ ਅਜੇ ਤੱਕ ਇਹ ਸਾਰੇ ਮਾਮਲੇ ਜਿਉਂ ਦੇ ਤਿਉਂ ਖੜੇ ਹਨ, ਜਿਸ ਕਾਰਨ ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ, ਕੱਚੇ ਮੁਲਾਜ਼ਮਾਂ ਤੇ ਮਾਣਭੱਤਾ ਵਰਕਰਾਂ ਵਿੱਚ ਪੰਜਾਬ ਸਰਕਾਰ ਦੇ ਖਿਲਾਫ ਰੋਸ ਤੇ ਗੁੱਸਾ ਹੈ।

ਉਨ੍ਹਾਂ ਕਿਹਾ ਕਿ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ 01-01-2016 ਤੋਂ ਪੈਨਸ਼ਨਰਾਂ ਲਈ 113% ਡੀ.ਏ. ਦੀ ਬਜਾਏ 119% ਡੀ.ਏ. ਨੂੰ ਅਧਾਰ ਮੰਨ ਕੇ ਪੈਨਸ਼ਨ ਦੁਹਰਾਈ ਕਰਨ ਦੇ ਫੈਸਲੇ ਨੂੰ ਜਨਰਲਾਈਜ਼ ਕਰਕੇ ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ 'ਤੇ ਤੁਰੰਤ ਲਾਗੂ ਕਰਨਾ ਬਣਦਾ ਹੈ, ਜਦਕਿ ਸਾਂਝੇ ਫਰੰਟ ਵੱਲੋਂ ਛੇਵਾਂ ਤਨਖਾਹ ਕਮਿਸ਼ਨ ਲਾਗੂ ਕਰਨ ਲਈ 01-01-2016 ਨੂੰ 125% ਡੀ.ਏ. ਨੂੰ ਅਧਾਰ ਬਣਾ ਕੇ ਗੁਣਾਂਕ ਤਹਿ ਕਰਨ ਆਦਿ ਮੰਗਾਂ ਨੂੰ ਲਾਗੂ ਕਰਵਾਉਣ ਲਈ ਸ਼ਾਮਲ ਕਰਮ ਸਿੰਘ, ਮਸਤ ਰਾਮ, ਭਜਨ ਸਿੰਘ, ਜਗਤਾਰ ਸਿੰਘ, ਸੁਰਜੀਤ ਸਿੰਘ, ਕਰਨੈਲ ਸਿੰਘ, ਨਰੇਸ਼ ਸਿੰਘ, ਕੁਲਦੀਪ ਕੌਰ, ਜਸਵੀਰ ਕੌਰ, ਤਰਸੇਮ ਸਿੰਘ, ਭੁਪਿੰਦਰ ਸਿੰਘ, ਗੁਰਚਰਨ ਸਿੰਘ ਆਦਿ ਨੇ ਕਿਹਾ ਕਿ 19 ਫਰਵਰੀ ਨੂੰ ਜ਼ਿਲ੍ਹਾ ਪਟਿਆਲਾ ਦੇ ਸਮੂਹ ਬਲਾਕਾਂ, ਤਹਿਸੀਲਾਂ ਵਿੱਚੋਂ ਸਮੁੱਚੇ ਮੁਲਾਜ਼ਮ ਝੰਡੇ ਤੇ ਬੈਨਰਾਂ ਨਾਲ ਲੈਸ ਹੋ ਕੇ ਵੱਡੀ ਗਿਣਤੀ ਵਿੱਚ ਚੰਡੀਗੜ੍ਹ ਵੱਲ ਵਹਿਰਾਂ ਘੱਤਣਗੇ।




# ਕਿਸਾਨ ਦੀਆਂ 5 ਮੱਝਾਂ ਕੈਂਟਰ 'ਚ ਲੱਦ ਕੇ ਲੈ ਗਏ ਚੋਰ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮੁਸੀਬਤ ਇਕੱਲੀ ਨਹੀਂ ਆਉਂਦੀ, ਸਗੋਂ ਚਾਰ ਹੋਰ ਸਮੱਸਿਆਵਾਂ ਨਾਲ ਲੈ ਕੇ ਆਉਂਦੀ ਹੈ। ਇਹ ਕਥਨ ਉਦੋਂ ਸੱਚ ਹੁੰਦਾ ਦਿਖਾਈ ਦਿੱਤਾ, ਜਦੋਂ ਪਸ਼ੂ ਚੋਰੀ ਕਰਨ ਵਾਲੇ ਗਰੋਹ ਵੱਲੋਂ ਪਹਿਲਾਂ ਹੀ ਮੁਸੀਬਤਾਂ ਨਾਲ ਜੂਝ ਰਹੇ ਪਿੰਡ ਬੀਬੀਪੁਰ ਦੇ ਇੱਕ ਪਰਿਵਾਰ ਦੀਆਂ ਮੱਝਾਂ ਚੋਰੀ ਕਰਕੇ ਉਨ੍ਹਾਂ ਦਾ ਰੁਜ਼ਗਾਰ ਹੀ ਖੋਹ ਲਿਆ ਗਿਆ। ਉੱਘੇ ਸਮਾਜ ਸੇਵੀ ਪ੍ਰੋਫੈਸਰ ਧਰਮਜੀਤ ਸਿੰਘ ਮਾਨ ਜਲਵੇੜ੍ਹਾ ਨੇ ਦੱਸਿਆ ਕਿ ਪਿੰਡ ਬੀਬੀਪੁਰ ਦੇ ਕਿਸਾਨ ਪ੍ਰਗਟ ਸਿੰਘ ਦੇ ਪਰਿਵਾਰ ਕੋਲ ਦੋ ਏਕੜ ਵਾਹੀਯੋਗ ਜ਼ਮੀਨ ਹੈ ਤੇ ਉਹ ਦੁਧਾਰੂ ਮੱਝਾਂ ਰੱਖ ਕੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਹਨ ਤੇ ਪਰਿਵਾਰ ਦੀ ਆਰਥਿਕ ਸਥਿਤੀ ਅਜਿਹੀ ਹੈ ਕਿ ਲੀਵਰ ਕੈਂਸਰ ਦੀ ਬਿਮਾਰੀ ਨਾਲ ਜੂਝ ਰਹੇ ਪਿਤਾ ਦੇ ਇਲਾਜ ਲਈ ਪ੍ਰਗਟ ਸਿੰਘ ਨੂੰ ਕੁਝ ਦਿਨ ਪਹਿਲਾਂ ਆਪਣੀ ਇੱਕ ਮੱਝ ਵੀ ਵੇਚਣੀ ਪਈ ਸੀ। ਉਨ੍ਹਾਂ ਦੱਸਿਆ ਕਿ 14 ਫ਼ਰਵਰੀ ਦੀ ਰਾਤ ਨੂੰ ਪ੍ਰਗਟ ਸਿੰਘ ਦਾ ਪਰਿਵਾਰ ਜਦੋਂ ਸੁੱਤਾ ਪਿਆ ਸੀ ਤਾਂ ਅਣਪਛਾਤੇ ਵਿਅਕਤੀ ਉਸ ਦੇ ਪਸ਼ੂਆਂ ਵਾਲੇ ਵਾੜੇ 'ਚੋਂ 5 ਮੱਝਾਂ ਚੋਰੀ ਕਰਕੇ ਲੈ ਗਏ। ਉਨ੍ਹਾਂ ਦੱਸਿਆ ਕਿ ਪਸ਼ੂ ਚੋਰੀ ਕਰਨ ਵਾਲਾ ਗਰੋਹ ਲਗਭਗ ਬੀਤੇ ਇੱਕ ਸਾਲ ਤੋਂ ਇਲਾਕੇ 'ਚ ਸਰਗਰਮ ਹੈ, ਜਿਨ੍ਹਾਂ ਵੱਲੋਂ ਪਹਿਲਾਂ ਵੀ ਇਲਾਕੇ 'ਚ ਪਸ਼ੂ ਚੋਰੀ ਦੀਆਂ ਕਈ ਵਾਰਦਾਤਾਂ ਨੂੰ ਅੰਜ਼ਾਮ ਦਿੱਤਾ ਜਾ ਚੁੱਕਾ ਹੈ ਤੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ 'ਚ ਵੀ ਕੈਂਟਰ ਗੱਡੀ ਦਿਖਾਈ ਦੇ ਰਹੀ ਹੈ, ਜਿਸ ਸਬੰਧੀ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਤੇ ਮੂਲੇਪੁਰ ਪੁਲਸ ਵੱਲੋਂ ਮਾਮਲੇ 'ਚ ਅਣਪਛਾਤਿਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ। ਪ੍ਰੋਫੈਸਰ ਜਲਵੇੜ੍ਹਾ ਨੇ ਕਿਹਾ ਕਿ ਇਸ ਘਟਨਾ ਕਾਰਨ ਮੁਸੀਬਤਾਂ ਨਾਲ ਜੂਝ ਰਹੇ ਪਰਿਵਾਰ ਦਾ ਰੁਜ਼ਗਾਰ ਹੀ ਖੁਸ ਗਿਆ, ਇਸ ਲਈ ਉਹ ਪ੍ਰਸ਼ਾਸਨ ਤੇ ਦਾਨੀ ਸੱਜਣਾਂ ਨੂੰ ਅਪੀਲ ਕਰਦੇ ਹਨ ਕਿ ਪੀੜਤ ਪਰਿਵਾਰ ਦੀ ਮੱਦਦ ਕੀਤੀ ਜਾਵੇ ਤੇ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾਵੇ।

# ਇਟਲੀ 'ਚ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ

## ਅਜੋਕੇ ਸਮੇਂ 'ਚ ਗੁਰੂ ਰਵਿਦਾਸ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦੀ ਲੋੜ : ਭੁੱਟੋ ਕੁਮਾਰ

**ਰੋਮ (ਟੇਕ ਚੰਦ ਜਗਤਪੁਰ)**

ਜਿੱਥੇ ਸਮੁੱਚੇ ਵਿਸ਼ਵ ਭਰ 'ਚ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਦੀ ਦਾ 646ਵਾਂ ਗੁਰਪੁਰਬ ਬੜੀ ਸ਼ਰਧਾ ਤੇ ਭਾਰੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ, ਉਥੇ ਇਟਲੀ ਦੇ ਜ਼ਿਲ੍ਹਾ ਕਰੇਮੋਨਾ 'ਚ ਪੈਂਦੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਇਜ਼ੋਲੈਲੋ ਵਿਖੇ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ ਮਨਾਇਆ ਗਿਆ। ਇਸ ਸਮਾਗਮ ਵਿੱਚ ਸੰਗਤਾਂ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਸ਼ਿਰਕਤ ਕੀਤੀ। ਇਸ ਵਿਸ਼ਾਲ ਸਮਾਗਮ ਵਿੱਚ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਭੁੱਟੋ ਕੁਮਾਰ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਪਾਰਮਾ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਉਪਦੇਸ਼ ਕਿਸੇ ਇਕ ਕੌਮ, ਜਾਤ ਜਾਂ ਮਜ਼੍ਹਬ ਲਈ ਨਹੀਂ, ਸਗੋਂ ਸਮੁੱਚੀ ਮਨੁੱਖਤਾ ਦੇ ਭਲੇ ਹਿੱਤ ਹੈ, ਇਸ ਲਈ ਸਾਨੂੰ ਉਨ੍ਹਾਂ ਦੀ ਬਾਣੀ ਨੂੰ ਆਪਣੇ ਜੀਵਨ 'ਚ ਅਪਨਾ ਕੇ ਬੇਗਮਪੁਰੇ ਦਾ ਸੁਪਨਾ ਸਕਾਰ ਕਰਨ ਲਈ ਉਨ੍ਹਾਂ ਵੱਲੋਂ ਦਰਸਾਏ ਮਾਰਗ ਤੇ ਸਮੁੱਚੇ ਸਮਾਜ ਨੂੰ ਚੱਲਣ ਦੀ ਲੋੜ ਹੈ। ਇਸ ਉਪਰੰਤ ਪੰਜਾਬ ਤੋਂ ਉਚੇਚੇ ਤੌਰ 'ਤੇ ਪਹੁੰਚੇ ਬਸਪਾ ਆਗੂ ਭਗਵਾਨ ਸਿੰਘ ਚੌਹਾਨ ਨੇ ਵੀ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਤੇ ਪਹਿਰਾ ਲਈ ਸੰਗਤਾਂ ਨੂੰ ਉਤਸ਼ਾਹਿਤ ਕੀਤਾ। ਇਸ ਸਮਾਗਮ ਵਿੱਚ ਇਟਲੀ ਦੇ ਹਰਭਜਨ ਸਿੰਘ ਸਾਦਪੁਰੀ ਦੇ ਕੀਰਤਨੀ ਜਥੇ ਨੇ ਵੀ ਹਾਜ਼ਰੀ ਲਗਵਾਈ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਅਹਿਮ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਇਸ ਮੌਕੇ ਇਟਲੀ ਦੀਆਂ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਸਭਾਵਾਂ ਤੇ ਭਗਵਾਨ ਬਾਲਮੀਕ ਸਭਾਵਾਂ ਦੇ ਬੁਲਾਰਿਆਂ ਨੇ ਵੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤ ਬਾਣੀ 'ਤੇ ਚਾਨਣਾ ਪਾਇਆ। ਇਸ ਮੌਕੇ ਰਾਜਿੰਦਰਪਾਲ ਰੰਧਾਵਾ, ਬਲਜਿੰਦਰ ਕੁਮਾਰ ਮੱਲ, ਬਿੱਟੂ ਮੱਲ, ਜਸਪਾਲ ਮੈਗੜਾ, ਸੰਦੀਪ ਕੁਮਾਰ, ਸਤਨਾਮ ਸਿੰਘ, ਸੰਤੋਖ ਲਾਲ, ਅਰਮਾਨ, ਜਸ਼ਨ ਰੱਲ ਆਦਿ ਹਾਜ਼ਰ ਸਨ।



# ਚਾਹ ਪੀਣ ਦਾ ਬਹਾਨਾ ਬਣਾ ਕੇ ਮੀਟ ਵਿਕਰੇਤਾ 'ਤੇ ਜਾਨਲੇਵਾ ਹਮਲਾ, ਨਗਦੀ ਲੁੱਟ ਕੇ ਫਰਾਰ

**ਸਮਰਾਲਾ (ਸੁਰਜੀਤ ਸਿੰਘ)**

ਸਥਾਨਕ ਬੈਂਕ ਆਫ ਇੰਡੀਆ ਦੀ ਬਰਾਂਚ ਦੇ ਸਾਹਮਣੇ ਇੱਕ ਮੀਟ ਵਿਕਰੇਤਾ ਤੇ ਦੋ ਅਣਪਛਾਤੇ ਲੁਟੇਰਿਆਂ ਵੱਲੋਂ ਉਸ ਦੀ ਦੁਕਾਨ ਵਿੱਚੋਂ ਹੀ ਦਾਹ ਚੁੱਕ ਕੇ ਜਾਨਲੇਵਾ ਹਮਲਾ ਕਰ ਦਿੱਤਾ ਤੇ ਦੁਕਾਨ 'ਤੇ ਪਿਆ ਮੋਬਾਇਲ ਫੋਨ ਅਤੇ ਗੱਲੇ ਵਿੱਚ ਪਈ ਨਗਦੀ ਲੈ ਕੇ ਫਰਾਰ ਹੋ ਗਏ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮੀਟ ਵਿਕਰੇਤਾ ਫਿਰੋਜ਼ ਅੰਸਾਰੀ ਹਾਲ ਵਾਸੀ ਕਮਲ ਕਲੋਨੀ ਸਮਰਾਲਾ ਨੇ ਦੱਸਿਆ ਕਿ ਰਾਤ ਵੇਲੇ ਦੋ ਮੋਟਰਸਾਈਕਲ ਸਵਾਰ ਨੌਜੁਆਨ ਉਸ ਦੀ ਦੁਕਾਨ 'ਤੇ ਰੁਕੇ ਅਤੇ ਰੋਟੀ ਬਣਾ ਕੇ ਦੇਣ ਲਈ ਕਹਿਣ ਲੱਗੇ, ਉਸ ਵਕਤ ਦੋਵੇਂ ਮੀਟ ਵਿਕਰੇਤਾ ਚਾਹ ਪੀ ਰਹੇ ਸਨ।

ਮੀਟ ਵਿਕਰੇਤਾ ਨੇ ਉਕਤ ਲੁਟੇਰੇ ਵਿਅਕਤੀਆਂ ਨੂੰ ਦੱਸਿਆ ਕਿ ਉਹ ਰੋਟੀ ਵਗੈਰਾ ਬਣਾਉਣ ਦਾ ਕੰਮ ਨਹੀਂ ਕਰਦੇ, ਸਗੋਂ ਮੀਟ ਵੇਚਦੇ ਹਨ। ਐਨੇ ਨੂੰ ਉਕਤ ਦੋਵੇਂ ਵਿਅਕਤੀ ਦੁਕਾਨ ਅੰਦਰ ਆ ਗਏ ਤੇ ਉਨ੍ਹਾਂ ਵੱਲੋਂ ਦੋਵੇਂ ਵਿਅਕਤੀਆਂ ਨੂੰ ਚਾਹ ਪਾ ਕੇ ਦੇ ਦਿੱਤੀ। ਫਿਰੋਜ਼ ਅੰਸਾਰੀ ਨੇ ਦੱਸਿਆ ਕਿ ਉਹ ਦੁਕਾਨ ਦੇ ਪਿੱਛੇ ਸਾਮਾਨ ਰੱਖਣ ਚਲਾ ਗਿਆ, ਐਨੇ ਨੂੰ ਲੁਟੇਰਿਆਂ ਨੇ ਦੁਕਾਨ ਵਿੱਚੋਂ ਦਾਹ ਚੁੱਕ ਕੇ ਉਸ ਦੇ ਸਾਥੀ ਮੁਹੰਮਦ ਅਨਸ 'ਤੇ ਜਾਨਲੇਵਾ ਹਮਲਾ ਕਰ ਦਿੱਤਾ ਤੇ ਉਸ ਦੇ ਗਰਦਨ 'ਤੇ ਤੇਜ਼ਧਾਰ ਹਥਿਆਰ ਨਾਲ ਵਾਰ ਕੀਤਾ।

ਇਸੇ ਦੌਰਾਨ ਦੂਜੇ ਵਿਅਕਤੀ ਵੱਲੋਂ ਉਨ੍ਹਾਂ ਦੇ ਗੱਲੇ ਵਿੱਚ ਪਈ ਨਗਦੀ ਚੁੱਕ ਲਈ ਤੇ ਹਮਲਾ ਕਰਨ ਤੋਂ ਬਾਅਦ ਇਕਦਮ ਮੋਟਰਸਾਈਕਲ 'ਤੇ ਫਰਾਰ ਹੋ ਗਏ।

ਅੰਸਾਰੀ ਨੇ ਦੱਸਿਆ ਕਿ ਜ਼ਖਮੀ ਹਾਲਤ ਵਿੱਚ ਉਸਦੇ ਸਾਥੀ ਨੂੰ ਇਲਾਜ ਲਈ ਸਿਵਲ ਹਸਪਤਾਲ ਸਮਰਾਲਾ ਵਿਖੇ ਪਹੁੰਚਾਇਆ ਗਿਆ, ਜਿੱਥੇ ਉਸ ਦੀ ਗਰਦਨ 'ਤੇ ਜ਼ਖਮ ਜ਼ਿਆਦਾ ਹੋਣ ਕਾਰਨ ਉਸ ਨੂੰ ਚੰਡੀਗੜ੍ਹ ਦੇ ਹਸਪਤਾਲ ਵਿੱਚ ਰੈਫਰ ਕਰ ਦਿੱਤਾ। ਥਾਣਾ ਮੁਖੀ ਭਿੰਦਰ ਸਿੰਘ ਨੇ ਦੱਸਿਆ ਕਿ ਫਿਰੋਜ਼ ਅੰਸਾਰੀ ਦੇ ਬਿਆਨਾਂ 'ਤੇ ਅਣਪਛਾਤੇ ਲੁਟੇਰਿਆਂ ਖਿਲਾਫ ਕੇਸ ਦਰਜ ਕਰਕੇ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।


G20

## ਉੱਤਰ ਰੇਲਵੇ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

### ਈ-ਨੀਲਾਮੀ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਲਈ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਦਾ ਸੱਦਾ ਦਿਤਾ ਜਾਂਦਾ ਹੈ।

| | |
|---|---|
| Name of work | ਫਿਰੋਜਪੁਰ ਮੰਡਲ ਦੇ ਵਿਭਿੰਨ ਸਟੇਸ਼ਨਾਂ ਉਤੇ ਪਾਰਕਿੰਗ ਦਾ ਠੇਕਾ ਤਿੰਨ ਸਾਲ ਦੇ ਲਈ ਅਲਾਟਮੈਂਟ ਕਰਨ ਲਈ। |
| Auction Catalog No. | EA-FZR-PARKG-23-7 |
| Auction Start | 02-03-23 11:00 hours |
| ਲਾਟ ਨੰਬਰ | ਸਟੇਸ਼ਨ ਦਾ ਨਾਮ |
| PARKING-FZR-MDPB-TW-63-22-1 | ਮਾਧੋਪੁਰ ਪੰਜਾਬ |
| PARKING-FZR-KRE-TW-26-22-1 | ਕਰਤਾਰਪੁਰ |
| PARKING-FZR-BWZ-TW-57-22-1 | ਬਦੋਵਾਲ |
| PARKING-FZR-NUPR-TW-28-22-1 | ਨੂਰਪੁਰ ਰੋਡ |
| PARKING-FZR-NNKR-TW-59-22-1 | ਨਾਨਕਸਰ |
| PARKING-FZR-SJNP-TW-62-22-1 | ਸੁਜਾਨਪੁਰ |
| PARKING-FZR-CIA-TW-56-22-1 | ਛਿਹਾਟਾ |
| PARKING-FZR-PAX-TW-15-22-1 | ਪੱਟੀ |
| PARKING-FZR-MLX-TW-58-22-1 | ਮਲਲਾਵਾਲਾ ਖਾਸ |
| PARKING-FZR-MG-TW-61-22-1 | ਮੋਡਲਗ੍ਰਾਮ |
| PARKING-FZR-NRO-TW-27-22-2 | ਨਕੋਦਰ |
| PARKING-FZR-VKA-TW-53-22-1 | ਵੇਰਕਾ |
| PARKING-FZR-GNA-TW-17-22-2 | ਗੁਨਿਯਾਨਾ |
| PARKING-FZR-DAVJ-TW-37-23-2 | ਡੀ ਏ ਵੀ ਕਾਲਜ ਜਲੰਧਰ |
| PARKING-FZR-HSX-MX-39-23-1 | ਹੁਸ਼ਿਆਰਪੁਰ |

ਵਿਸਤ੍ਰਿਤ ਜਾਣਕਾਰੀ ਰੇਲਵੇ ਵੈਬਸਾਈਟ www.ireps.gov.in ਉਤੇ ਉਪਲਬਧ ਹੈ।

483/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਪੰਜਾਬ/ਯੂ ਟੀ ਮੁਲਾਜ਼ਮਾਂ ਤੇ ਪੈਨਸ਼ਨਰਜ਼ ਸਾਂਝਾ ਮੋਰਚਾ ਵੱਲੋਂ ਰੋਸ ਰੈਲੀ



**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਪੰਜਾਬ ਦੇ ਸੱਦੇ 'ਤੇ ਮਾਨਸਾ ਵਿਖੇ ਡਿਪਟੀ ਕਮਿਸ਼ਨਰ ਦਫਤਰ ਮੂਹਰੇ ਜ਼ਿਲ੍ਹਾ ਕਨਵੀਨਰਾਂ ਲੱਖਾ ਸਿੰਘ ਸਹਾਰਨਾ, ਜਗਦੇਵ ਸਿੰਘ ਘੁਰਕਣੀ, ਰਾਜ ਕੁਮਾਰ ਰੰਗਾ, ਬਿੱਕਰ ਸਿੰਘ ਮਾਖਾ, ਜੱਗਾ ਸਿੰਘ ਅਲੀਸ਼ੇ, ਮਨਿੰਦਰ ਸਿੰਘ ਜਵਾਹਰਕੇ ਤੇ ਬਲਦੇਵ ਸਿੰਘ ਮੰਢਾਲੀ ਦੀ ਅਗਵਾਈ ਹੇਠ ਇਕ ਰੋਸ ਰੈਲੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਆਗੂਆਂ ਨੇ ਪੰਜਾਬ ਦੀ ਮੌਜੂਦਾ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਸਰਕਾਰ ਲੰਬੇ ਸਮੇਂ ਤੋਂ ਪੈਨਸ਼ਨਰਜ਼ ਤੇ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਤੋਂ ਟਾਲਾ ਵੱਟਦੀ ਆ ਰਹੀ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਪੁਰਾਣੀ ਪੈਨਸ਼ਨ ਬਹਾਲ ਕਰੇ, ਕੱਚੇ ਕਾਮਿਆਂ ਨੂੰ ਪੱਕਾ ਕਰੇ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਤੇ ਬਕਾਇਆ ਤੁਰੰਤ ਜਾਰੀ ਕਰੇ, ਠੇਕਾ ਪ੍ਰਣਾਲੀ ਬੰਦ ਕਰਕੇ ਪੱਕੀਆਂ ਭਰਤੀਆਂ ਸ਼ੁਰੂ ਕਰੇ, ਕੈਸ਼ਲੈੱਸ ਸਕੀਮ ਲਾਗੂ ਕਰਨਾ ਆਦਿ ਮੰਗਾਂ ਤੁਰੰਤ ਲਾਗੂ ਕਰਨ ਸਮੇਤ ਹਰ ਤਰ੍ਹਾਂ ਦੇ ਕੱਟੇ ਹੋਏ ਭਤੇ ਬਹਾਲ ਕਰੇ। ਆਗੂਆਂ ਨੇ ਸਮੁੱਚੇ ਪੈਨਸ਼ਨਰ ਸਾਥੀਆਂ ਨੂੰ 19 ਫਰਵਰੀ ਦੇ ਸੂਬਾ ਪੱਧਰੀ ਪ੍ਰੋਗ੍ਰਾਮ ਵਿੱਚ ਵਧ-ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਇਸ ਸਮੇਂ ਪੰਜਾਬ ਵਿੱਚ ਅਮਨ ਕਾਨੂੰਨ ਦੀ ਡਾਵਾਂ ਡੋਲ ਸਥਿਤੀ ਤੇ ਦਲਿਤਾਂ 'ਤੇ ਹੋ ਰਹੇ ਅੱਤਿਆਚਾਰਾਂ ਦੀਆਂ ਦਿਲ-ਕੰਬਾਊ ਘਟਨਾਵਾਂ ਸਬੰਧੀ ਵੀ ਨਿੰਦਾ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਸ ਰੋਸ ਰੈਲੀ ਵਿੱਚ ਹੋਰਨਾਂ ਤੋਂ ਇਲਾਵਾ ਓਮ ਪ੍ਰਕਾਸ ਸਰਦੂਲਗੜ੍ਹ, ਚਰਨਜੀਤ ਸਿੰਘ ਭੀਖੀ, ਕਰਮਜੀਤ ਸਿੰਘ ਫਫੜੇ, ਨਾਜਮ ਸਿੰਘ ਬੁਰਜ ਢਿੱਲਵਾਂ, ਜਸਵੰਤ ਸਿੰਘ ਕੁਲਹਿਰੀ, ਗੁਰਚਰਨ ਸਿੰਘ ਮੰਦਰਾਂ, ਅਸ਼ੋਕ ਕੁਮਾਰ, ਕੇਵਲ ਸਿੰਘ ਮਾਨਸਾ, ਗੁਰਜੰਟ ਸਿੰਘ ਖਾਲਸਾ ਤੇ ਅਮਰਜੀਤ ਸਿੰਘ ਸਿੱਧੂ ਆਦਿ ਆਗੂ ਹਾਜ਼ਰ ਸਨ।

# ਵਿਸ਼ਵ 'ਵਰਸਿਟੀ ਵੱਲੋਂ ਵਿਦਿਆਰਥੀਆਂ 'ਚ ਰਚਨਾਤਮਕਤਾ ਨੂੰ ਨਿਖਾਰਨ ਲਈ ਮੁਕਾਬਲਿਆਂ ਦੀ ਲੜੀ ਸ਼ੁਰੂ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਵੱਲੋਂ ਅੰਤਰ-ਵਿਭਾਗੀ ਰਚਨਾਤਮਕ ਲੇਖਣ ਮੁਕਾਬਲਾ ਕਰਾਇਆ ਗਿਆ, ਜਿਸ ਵਿੱਚ ਲਘੂ ਕਹਾਣੀ ਲੇਖਣ, ਕਵਿਤਾ ਲੇਖਣ ਤੇ ਵਾਰਤਕ ਲੇਖਨ ਸ਼ਾਮਲ ਸਨ। ਇਨ੍ਹਾਂ ਸ਼੍ਰੇਣੀਆਂ ਲਈ ਥੀਮ ਕ੍ਰਮਵਾਰ ਦੋਸਤੀ, ਕੁਦਰਤ ਤੇ ਇੰਟਰਨੈਟ ਦੀ ਵਰਤੋਂ ਸਨ।

ਸਮਾਗਮ ਦਾ ਆਯੋਜਨ ਐਮ.ਏ ਅੰਗਰੇਜ਼ੀ ਸਮੈਸਟਰ ਇੱਕ ਦੇ ਵਿਦਿਆਰਥੀਆਂ ਵੱਲੋਂ ਵਿਭਾਗ ਦੀ ਸਹਾਇਕ ਪ੍ਰੋਫੈਸਰ ਤੇ ਸਹਿ-ਪਾਠਕ੍ਰਮ ਗਤੀਵਿਧੀ ਇੰਚਾਰਜ ਸ੍ਰੀਮਤੀ ਸਿਮਰਜੀਤ ਕੌਰ ਦੀ ਯੋਗ ਅਗਵਾਈ ਹੇਠ ਕੀਤਾ ਗਿਆ। ਐਮ.ਏ ਅੰਗਰੇਜੀ ਦੀ ਵਿਦਿਆਰਥਣ ਕਿਰਨਜੀਤ ਕੌਰ ਸਮਾਗਮ ਦੀ ਕਨਵੀਨਰ ਸਨ। ਇਸ ਮੁਕਾਬਲੇ ਵਿੱਚ ਯੂਨੀਵਰਸਿਟੀ ਦੇ ਵੱਖ-ਵੱਖ ਅਕਾਦਮਿਕ ਵਿਭਾਗਾਂ ਦੇ 50 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਅਖੀਰ ਵਿੱਚ ਜੇਤੂਆਂ ਨੂੰ ਇਨਾਮ ਵੰਡੇ ਗਏ। ਵਾਰਤਕ ਲੇਖਣ ਮੁਕਾਬਲੇ ਵਿੱਚ ਹਰਜੋਤ ਕੌਰ ਬੀ.ਐਸ.ਸੀ ਗਣਿਤ ਪਹਿਲੇ ਸਥਾਨ ਤੇ ਬੀਪੀਟੀ ਦੀ ਸੁਮਨਪ੍ਰੀਤ ਕੌਰ ਦੂਜੇ ਸਥਾਨ 'ਤੇ ਰਹੀ। ਕਵਿਤਾ ਲੇਖਣ ਮੁਕਾਬਲੇ ਵਿੱਚ ਨਰਿੰਦਰ ਸਿੰਘ ਬੀ.ਐੱਡ. ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਬੀ.ਐਸ.ਸੀ. ਆਨਰਜ ਦੀ ਅਮਨਪ੍ਰੀਤ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। ਲਘੂ ਕਹਾਣੀ ਲੇਖਣ ਮੁਕਾਬਲੇ ਵਿੱਚ ਬੀ.ਏ.ਬੀ.ਐੱਡ. ਦੀ ਅੰਜਲੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਬੀ.ਐਸ.ਸੀ. ਨਾਨ-ਮੈਡੀਕਲ ਦੀ ਪ੍ਰਭਜੋਤ ਕੌਰ ਨੇ ਦੂਜਾ ਇਨਾਮ ਹਾਸਲ ਕੀਤਾ। ਜੇਤੂਆਂ ਨੂੰ ਵਧਾਈ ਦਿੰਦੇ ਹੋਏ ਵਿਭਾਗ ਦੇ ਮੁਖੀ ਡਾ. ਅੰਕਦੀਪ ਕੌਰ ਅਟਵਾਲ ਨੇ ਸਮਾਗਮ ਦੇ ਆਯੋਜਨ ਲਈ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਹਾਲਾਂਕਿ ਈਵੈਂਟ ਦੇ ਐਲਾਨੇ ਗਏ ਜੇਤੂਆਂ ਦੀ ਗਿਣਤੀ ਦੋ ਹੈ, ਪਰ ਅਸਲ ਜੇਤੂ ਹਰ ਇੱਕ ਭਾਗੀਦਾਰ ਹਨ, ਕਿਉਂਕਿ ਉਨ੍ਹਾਂ ਕੋਲ ਲਿਖਣ ਦੀ ਪ੍ਰਤਿਭਾ ਤੇ ਇਸਨੂੰ ਪੇਸ਼ ਕਰਨ ਦੀ ਯੋਗਤਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਪੜ੍ਹਾਈ ਦੇ ਨਾਲ-ਨਾਲ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਅਜਿਹੀਆਂ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾਂ ਸਾਂਝਾ ਕੀਤਾ ਕਿ ਵਿਭਾਗ ਆਪਣੇ ਵਿਦਿਆਰਥੀਆਂ ਦੀ ਛੁਪੀ ਪ੍ਰਤਿਭਾ ਨੂੰ ਨਿਖਾਰਨ ਲਈ ਵਚਨਬੱਧ ਹੈ। ਡਾ. ਅਟਵਾਲ ਨੇ ਵਿਭਾਗ ਦੇ ਫੈਕਲਟੀ ਦੇ ਟੀਮ ਵਰਕ 'ਤੇ ਖੁਸ਼ੀ ਜ਼ਾਹਰ ਕੀਤੀ ਤੇ ਸੰਤੁਸ਼ਟੀ ਜ਼ਾਹਰ ਕੀਤੀ ਕਿ ਫੈਕਲਟੀ ਵਿਦਿਆਰਥੀਆਂ ਦੀ ਬਿਹਤਰੀ ਲਈ ਪੂਰੇ ਦਿਲ ਨਾਲ ਸਮਰਪਤ ਹੈ ਅਤੇ ਆਪਣੇ ਵਿਦਿਆਰਥੀਆਂ ਨੂੰ ਹਰ ਖੇਤਰ ਵਿੱਚ, ਭਾਵੇਂ ਉਹ ਅਕਾਦਮਿਕ, ਸਮਾਜਿਕ, ਪ੍ਰਬੰਧਕੀ ਜਾਂ ਜੀਵਨ ਦੀ ਕਲਾ ਹੋਵੇ, ਵਿੱਚ ਉਭਾਰਨ ਦੀ ਪੁਰਜ਼ੋਰ ਕੋਸ਼ਿਸ਼ ਕਰਦੀ ਹੈ। ਸ੍ਰੀਮਤੀ ਸਿਮਰਜੀਤ ਕੌਰ, ਸਹਾਇਕ ਪ੍ਰੋਫੈਸਰ ਤੇ ਇੰਚਾਰਜ ਸਹਿ-ਪਾਠਕ੍ਰਮ ਗਤੀਵਿਧੀ ਨੇ ਦੱਸਿਆ ਕਿ ਵਿਭਾਗ ਨੇ ਮੁਕਾਬਲਿਆਂ ਦੀ ਲੜੀ ਸ਼ੁਰੂ ਕੀਤੀ ਹੈ, ਜੋ ਵਿਦਿਆਰਥੀਆਂ ਦੇ ਸੰਚਾਰ ਹੁਨਰ ਦੇ ਨਾਲ-ਨਾਲ ਪ੍ਰਬੰਧਨ ਯੋਗਤਾ ਨੂੰ ਵਧਾਉਣ 'ਤੇ ਧਿਆਨ ਕੇਂਦਰਤ ਕਰਨਗੇ। ਉਨ੍ਹਾਂ ਦੱਸਿਆ ਕਿ ਐਮ.ਏ. ਅੰਗਰੇਜ਼ੀ ਦੇ ਹਰੇਕ ਵਿਦਿਆਰਥੀ ਨੂੰ ਹਰ ਹਫ਼ਤੇ ਇੱਕ ਮੁਕਾਬਲਾ ਜਾਂ ਸਾਹਿਤਕ ਸਮਾਗਮ ਕਰਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਲੜੀ ਵਿੱਚ ਭਾਸ਼ਣ, ਕਵਿਜ, ਕਵਿਤਾ ਪਾਠ, ਘੋਸ਼ਣਾ, ਰੋਲ ਪਲੇਅ, ਡਰਾਮਾ, ਸਪੈਲ-ਬੀ ਤੇ ਇੰਗਲਿਸ਼ ਸਿੰਗਿੰਗ, ਵਾਦ-ਵਿਵਾਦ ਮੁਕਾਬਲੇ ਕਰਾਏ ਜਾਣਗੇ। ਇਸ ਲੜੀ ਦੀ ਸਮਾਪਤੀ ਇੱਕ ਸੱਭਿਆਚਾਰਕ ਮਿਲਣੀ ਨਾਲ ਹੋਵੇਗੀ, ਜੋ ਅੰਗਰੇਜ਼ੀ ਵਿਭਾਗ ਦੇ ਵਿਦਿਆਰਥੀਆਂ ਲਈ ਨਿਯਮਤ ਤੌਰ 'ਤੇ ਲਾਈਆਂ ਜਾਂਦੀਆਂ ਸ਼ਖ਼ਸੀਅਤ ਦੇ ਵਿਕਾਸ ਦੀਆਂ ਕਲਾਸਾਂ ਦਾ ਇੱਕ ਕਿਸਮ ਦਾ ਮੁਲਾਂਕਣ ਹੋਵੇਗਾ। ਇਸ ਮਿਲਣੀ ਦਾ ਉਦੇਸ ਇਨ੍ਹਾਂ ਕਲਾਸਾਂ ਦੇ ਦੌਰਾਨ ਵਿਦਿਆਰਥੀਆਂ ਦੁਆਰਾ ਸਿੱਖੇ ਗਏ ਸਰਿਸ਼ਟਤਾ ਦਾ ਮੁਲਾਂਕਣ ਕਰਨਾ ਹੋਵੇਗਾ। ਸਮਾਗਮ ਦੀ ਕਨਵੀਨਰ ਸ੍ਰੀਮਤੀ ਕਿਰਨਜੀਤ ਕੌਰ ਨੇ ਅੰਤ ਵਿੱਚ ਧੰਨਵਾਦ ਦਾ ਮਤਾ ਪੇਸ਼ ਕੀਤਾ।

